ਪੰਜਾਬੀ ਅਨੁਵਾਦ

1. ਮੇਪਲ ਟ੍ਰੀ ਸਕੁਏਅਰ

ਤੁਸੀਂ ਜਿਸ ਥਾਂ ਤੇ ਖੜ੍ਹੇ ਹੋ, ਵੈਨਕੂਵਰ ਦਾ Maple Tree Square ਉੱਥੋਂ ਹੀ ਸ਼ੁਰੂ ਹੁੰਦਾ ਹੈ। ਇਸ ਨੂੰ ਲਕ-ਲਕੈ (Luk-Luki) ਦੇ ਨਾਮ ਤੋਂ ਵੀ ਜਾਣਿਆ ਜਾਂਦਾ ਸੀ। ਇਹ ਮਸਕੀਮ, ਸਕੁਆਮਿਸ਼, (Musqueam, Squamish) ਅਤੇ ਸਲੇ ਵਾਟੂਥ ਇਨਡਿਜਨਸ (Tsleil Waututh Indigenous) ਲੋਕਾਂ ਦਾ ਮੌਸਮੀ ਡੇਰਾ ਹੋਇਆ ਕਰਦਾ ਸੀ।

Ta newyap n síiyaý. Chayap wa lhílhx̱i7lsh na7 tkwa Lek'lék'i úxwumixw. Taý temíxw swa7 tl'a Xwemétskwiyamulh, Selílwitulh iy Skwx̱wú7meshulh . Na tiná7 tl'a tkwa Lek'lék'i n swá7am-cht ímen. An chet wenaxws ti temíxw, ti stakw, ti smanít iy i7x̱w ta S7ukw'ukw'íńexw. Wenáxwstumiyap ti temíxw ímen. Wa Chayap yuu. Tim̓á tkwétsi n sníchim.

[translation from Squamish] Hello my friends. You are standing in the village of Lek'lék'i. This land is Musqueam, Tsleil-Waututh and Squamish. Our ancestors are here in this village as well. We deeply respect this land, these waters, the mountains, and all the animals. We ask you to respect this land too. Walk gently.

ਮਸਕੀਮ ਲੋਕ ਫਰੇਜ਼ਰ ਦਰਿਆ ਦੇ ਦੱਖਣ ਵਿੱਚ ਸ-ਸਨਾਮ (c'esna?em) ਅਤੇ ਮਾਲੇ (Maley) ਵਿੱਚ ਰਿਹਾ ਕਰਦੇ ਸਨ। ਸਕੁਆਮਿਸ਼ ਲੋਕ ਫੌਲਸ ਕ੍ਰੀਕ (False Creek) ਦੇ ਮੂੰਢ ਸ-ਨਾਕ (Snauq) ਵਿਖੇ ਰਹਿੰਦੇ ਸਨ, ਅਤੇ ਖ਼ੁਆਏ-ਖ਼ੁਆਏ ਅਤੇ ਟਯੁਸ਼ ਲੋਕ Burrard Inlet ਦੇ ਸਿਰੇ ਤੇ ਵਸਦੇ ਸਨ। ਸਲੇ ਵਾਟੂਥ ਲੋਕ ਥੋੜਾ ਉੱਤਰ ਵੱਲ Indian Arm, ਜਿਸਨੂੰ ਹੁਣ Belcarra ਕਿਹਾ ਜਾਂਦਾ ਹੈ, ਅਤੇ ਕੈਨਾਲ ਦ ਸਾਸਮਤ (Canal de Sasamat) ਵਿੱਚ ਰਹਿੰਦੇ ਸਨ- ਇਹ ਨਾਂ ਸਪੇਨ ਦੇ ਲੋਕਾਂ ਨੇ ਬੁਰਾਰਡ ਇਨਲੈਟ ਨੂੰ ਦਿੱਤਾ ਸੀ। ਕਈ ਹਜ਼ਾਰ ਸਾਲਾਂ ਤੋਂ ਇਹ ਸਭ ਲੋਕ ਇਸ ਇਲਾਕੇ ਵਿੱਚ ਸਾਂਝੀ ਮਲਕੀਅਤ ਹੇਠ ਆਪਣੇ ਮੌਸਮੀ ਡੇਰਿਆਂ ਵਿੱਚ ਰਹਿੰਦੇ ਆ ਰਹੇ ਸਨ। ਸਦੀਆਂ ਤੋਂ ਚਲਦੀ ਆ ਰਹੀ ਰੀਤ ਅਨੁਸਾਰ ਇਹ ਲੋਕ ਇਸ ਇਲਾਕੇ ਵਿੱਚੋਂ ਉਪਜ ਦੇ ਭੰਡਾਰਾਂ ਦਾ ਸਾਂਝਾ ਆਨੰਦ ਮਾਣਦੇ ਸਨ।

ਇਹ ਜਗਾਹ ਇੱਕ ਢੋਆ-ਢੁਆਈ ਦੇ ਰਸਤੇ ਦਾ ਉੱਤਰੀ ਕੋਨਾ ਵੀ ਸੀ, ਜਿੱਥੋਂ ਬੇੜੀਆਂ ਬੁਰਾਰਡ ਇਨਲੈਟ (Burrard Inlet) ਤੋਂ ਫੌਲਸ ਕ੍ਰੀਕ (False Creek) ਵਿੱਚ ਲਜਾਈਆਂ ਜਾ ਸਕਦੀਆਂ ਸਨ। ਸਮੁੰਦਰ ਵਿੱਚ ਜਵਾਰ ਦੇ ਸਮੇਂ ਬੇੜੀਆਂ ਨੂੰ ਚੱਪੂ ਨਾਲ਼ ਖਾਰੇ ਪਾਣੀ ਦੇ ਇਨ੍ਹਾਂ ਦੋ ਸੰਗਠਨਾਂ ਵਿੱਚੋਂ ਤਰਾਰਿਆ ਜਾਂਦਾ ਸੀ।

ਤੇ ਫਿਰ ਯੂਰੋਪ ਦੇ ਲੋਕ ਇੱਥੇ ਆਉਣ ਲੱਗੇ। ਪਹਿਲਾਂ ਉਹ ਜਾਨਵਰਾਂ ਦੀ ਖੱਲ ਖਾਤਰ ਆਏ। ਫਿਰ ਉਹਨਾਂ ਵੇਲ ਮੱਛੀ ਅਤੇ ਊਲੀਕਾਨ (Oolichan) ਦਾ ਸ਼ਿਕਾਰ ਸ਼ੁਰੂ ਕੀਤਾ।ਊਲੀਕਾਨ ਮੱਛੀ ਸਥਾਨਕ ਲੋਕਾਂ ਲਈ ਇੱਕ ਅਨਮੋਲ ਰਤਨ ਸੀ, ਜਿਸ ਦੇ ਤੇਲ ਦੀ ਵਰਤੋਂ ਯੂਰੋਪੀ ਲੋਕ ਆਪਣੀਆਂ ਮਸ਼ੀਨਾਂ ਵਿੱਚ ਕਰਨ ਲੱਗੇ। ਉਹ ਰੌਸ਼ਨੀ ਅਤੇ ਸੇਕ ਖਾਤਰ ਵੀ ਇਹ ਤੇਲ ਬਾਲ਼ਦੇ ਸਨ। ਉਹ ਦਰਖਤ ਵੱਢ ਕੇ ਯੂਰੋਪ ਭੇਜਣ ਲੱਗੇ, ਜਿੱਥੇ ਹੋਰ ਕੁਦਰਤੀ ਸਰੋਤ ਢੋਅ ਕੇ ਲੈ ਜਾਣ ਲਈ ਪਹਿਲਾਂ ਨਾਲੋਂ ਕਿਤੇ ਵੱਡੇ ਅਤੇ ਤੇਜ਼ ਚੱਲਣ ਵੱਲੇ ਸਮੁੰਦਰੀ ਜਹਾਜ਼ ਬਣਾਏ ਜਾ ਰਹੇ ਸਨ। ਫਿਰ ਯੂਰੋਪੀ ਇੱਥੋਂ ਸੋਨਾ, ਚਾਂਦੀ ਅਤੇ ਤਾਂਬਾ ਢੋਣ ਲੱਗੇ। ਕੁਝ ਚੀਜ਼ਾਂ ਵੱਟੇ-ਸੱਟੇ, ਅਤੇ ਕਈ ਹੋਰ ਬਿਨਾਂ ਕੀਮਤ ਅਦਾ ਕੀਤਿਆਂ ਹੀ ਲੈ ਜਾਂਦੇ।

ਫੋਰਟ ਲੈਂਗਲੀ (Fort Langley) ਵਿਖੇ ਜਾਨਵਰਾਂ ਦੀ ਖਲ ਦਾ ਕੰਮ ਕਰਨ ਲਈ ਯੂਰੋਪੀ ਲੋਕ ਹਵਾਈ ਤੋਂ ਕਨਾਕ (Kanakas) ਲੋਕਾਂ ਨੂੰ ਲੈ ਕੇ ਆਏ। ਉਹਨਾਂ ਵਿੱਚੋਂ ਕੁਝ ਕੋਲ ਹਾਰਬਰ (Coal Harbour) ਦੇ ਕੋਲ ਕਨਾਕ ਰੈਨਚਰੀ (Kanaka Rancherie) ਵਿੱਚ ਵੱਸ ਗਏ। ਉਹਨਾਂ ਨੇ ਸਕੁਆਮਿਸ਼ ਔਰਤਾਂ ਨਾਲ ਵਿਆਹ ਕਰਵਾ ਲਏ, ਇੱਥੇ ਦੀ ਭਾਸ਼ਾ ਸਿੱਖ ਲਈ, ਅਤੇ ਘਰ-ਬਾਰ ਵਸਾ ਲਏ। ਫਿਰ ਯੂਰੋਪੀਅਨ ਲੋਕਾਂ ਨੇ ਖੇਤਾਂ ਅਤੇ ਖਾਨਾਂ ਵਿੱਚ ਕੰਮ ਕਰਨ ਲਈ ਅਤੇ ਰੇਲ ਗੱਡੀ ਦੇ ਟਰੈਕ ਬਣਾਉਣ ਲਈ ਚੀਨ ਤੋਂ ਕਾਮੇ ਲਿਆਉਣੇ ਸ਼ੁਰੂ ਕਰ ਦਿੱਤੇ। ਬਹੁਤ ਵੱਡੀ ਗਿਣਤੀ ਵਿੱਚ ਕਾਲ਼ੇ, ਚੀਨੀ ਅਤੇ ਅਮਰੀਕਨ ਦਰਿਆ ਵਿੱਚੋਂ ਸੋਨੇ ਦੀ ਭਾਲ ਵਿੱਚ ਇੱਥੇ ਆਏ।

ਆਪਣੇ ਨਾਲ ਉਹ ਚੇਚਕ ਵਰਗੀਆਂ ਬਿਮਾਰੀਆਂ ਵੀ ਲੈ ਆਏ, ਜਿਸ ਕਾਰਨ ਬਹੁਤ ਸਾਰੇ First Nations ਲੋਕਾਂ ਨੇ ਆਪਣੀਆਂ ਜਾਨਾਂ ਗਵਾਈਆਂ। 1862 ਤੋਂ ਕੁਝ ਸਮਾਂ ਬਾਦ ਕੇਵਲ 15 ਸਲੇ ਵਾਟੂਥ ਲੋਕ ਹੀ ਜੀਉਂਦੇ ਬਚੇ ਸਨ।

ਵੈਨਕੂਵਰ ਦੀਆਂ ਪਹਿਲੀਆਂ ਚੋਣਾਂ ਸੰਨ 1886 ਵਿੱਚ ਹੋਈਆਂ। ਮੇਅਰ ਦੇ ਅਹੁਦੇ ਲਈ ਉਮੀਦਵਾਰਾਂ ਵਿੱਚੋਂ ਇੱਕ Richard Alexander ਸੀ, ਜੋ ਕਿ Hastings Sawmill ਦਾ ਮੈਨੇਜਰ ਸੀ। ਉਹ ਆਪਣੇ ਹੱਕ ਵਿੱਚ ਵੋਟਾਂ ਪੁਆਉਣ ਲਈ ਮਤਦਾਨ ਕੇਂਦਰ ਤੇ 60 ਚੀਨੀ, ਜਪਾਨੀ ਅਤੇ ਇਨਡਿਜਨਸ ਕਾਮਿਆਂ ਨੂੰ ਲੈ ਕੇ ਪਹੁੰਚਿਆ। ਗੋਰਿਆਂ ਨੇ ਦੰਗੇ ਸ਼ੁਰੂ ਕਰ ਦਿੱਤੇ, ਕਿਉਂਕਿ ਉਸ ਸਮੇਂ ਏਸ਼ੀਅਨ ਅਤੇ ਨੇਟਿਵ ਵਾਸੀਆਂ ਨੂੰ ਵੋਟ ਪਾਉਣ ਦਾ ਅਧਿਕਾਰ ਨਹੀਂ ਸੀ।

ਇਸ ਘਟਨਾ ਤੋਂ ਦੋ ਮਹੀਨੇ ਬਾਦ ਅੱਗ ਲੱਗ ਜਾਣ ਕਾਰਨ ਵੈਨਕੂਵਰ ਵਿੱਚ ਲੱਕੜ ਨਾਲ ਬਣੀ ਤਕਰੀਬਨ ਹਰ ਇੱਕ ਇਮਾਰਤ ਜਲ ਕੇ ਰਾਖ ਹੋ ਗਈ। ਸ਼ਹਿਰ ਦੀ ਨਵੀਂ ਬਣੀ ਕੌਂਸਲ ਨੇ ਇਸ ਮੌਕੇ ਇੱਕ ਨਵਾਂ ਕਨੂੰਨ ਲਾਗੂ ਕੀਤਾ ਜਿਸਦੇ ਤਹਿਤ ਕੋਈ ਵੀ ਚੀਨੀ ਵਸਨੀਕ ਨਵੇਂ ਸਿਰਿਓਂ ਇਮਾਰਤ ਉਸਾਰੀ ਨਹੀਂ ਸੀ ਕਰ ਸਕਦਾ। ਇਸ ਉਪਰੰਤ Knights of Labour ਨਾਂ ਦੇ ਇੱਕ ਸੰਗਠਨ ਨੇ ਉਹਨਾਂ ਸਭ ਵਪਾਰੀਆਂ ਦਾ ਬਾਈਕੌਟ ਕਰ ਦਿੱਤਾ, ਜੋ ਚੀਨੀ ਵਸਨੀਕਾਂ ਨੂੰ ਕੰਮ ਤੇ ਰੱਖਦੇ ਸਨ, ਉਹਨਾਂ ਨੂੰ ਖਾਣਾ ਵੇਚਦੇ ਸਨ, ਜਾਂ ਉਹਨਾਂ ਨਾਲ ਕਿਸੇ ਵੀ ਤਰ੍ਹਾਂ ਦਾ ਵਪਾਰ ਕਰਦੇ ਸਨ। ਜੇ ਕੋਈ ਵਪਾਰੀ ਬਾਈਕੌਟ ਦੀਆਂ ਹਿਦਾਇਤਾਂ ਨਹੀਂ ਸੀ ਮੰਨਦਾ ਤਾਂ ਉਸਦੀ ਦੁਕਾਨ ਦੇ ਬਾਹਰ ਨਿਸ਼ਾਨ ਵਜੋਂ ਕਾਲਾ ਕਰੌਸ ਬਣਾ ਦਿੱਤਾ ਜਾਂਦਾ ਸੀ। ਵਪਾਰੀਆਂ ਨੂੰ ਧਮਕਾ ਕੇ ਚੀਨੇ ਕਾਮਿਆਂ ਦੀ ਜਗ੍ਹਾ ਗੋਰਿਆਂ ਨੂੰ ਕੰਮ ਤੇ ਲਗਵਾਇਆ ਗਿਆ। ਜੇ ਕੋਈ ਵੀ ਚੀਨੀ ਵਿਅਕਤੀ ਸ਼ਹਿਰ ਛੱਡ ਕੇ ਜਾਣਾ ਚਾਹੁੰਦਾ ਤਾਂ ਉਸ ਨੂੰ ਕੁਝ ਰਾਸ਼ੀ ਦਿੱਤੀ ਜਾਂਦੀ। ਚੀਨੀ ਵਪਾਰੀਆਂ ਤੋਂ ਜ਼ਬਰਦਸਤੀ ਉਹਨਾਂ ਦਾ ਵਪਾਰ ਖਰੀਦਣ ਲਈ ਇੱਕ ਨਵੀਂ ਕੰਪਨੀ ਬਣਾਈ ਗਈ। ਕੁਝ ਚੀਨੀ ਕਾਮਿਆਂ ਨੂੰ ਬੇੜੀਆਂ ਤੇ ਬਿਠਾ ਕੇ ਵਿਕਟੋਰੀਆ ਭੇਜ ਦਿੱਤਾ ਗਿਆ, ਮੁੜ ਉੱਥੇ ਜਿੱਥੋਂ ਕਿ ਉਹ ਆਏ ਸਨ।

ਸ਼ਹਿਰ ਦੇ ਗੋਰੇ ਵਸਨੀਕਾਂ ਨੇ ਮਿਲ ਕੇ ਇਕੱਠ ਕੀਤੇ ਜਿਹਨਾਂ ਵਿੱਚ ਚੀਨੀ ਲੋਕਾਂ ਦੀ ਸ਼ਹਿਰ ਵਿੱਚ ਹੋਂਦ ਨੂੰ ਸਮੱਸਿਆ ਦੱਸ ਕੇ ਉਸ ਉੱਤੇ ਚਿੰਤਨ ਕੀਤਾ ਗਿਆ। 24 ਫਰਵਰੀ 1887 ਨੂੰ ਸਿਟੀ ਹਾਲ ਦੇ ਇੱਕ ਖਚਾ-ਖਚ ਭਰੇ ਇਕੱਠ ਦੌਰਾਨ, ਕੋਈ 300 ਗੋਰੇ ਗੁੱਸੇ ਵਿੱਚ ਆ ਕੇ ਕੋਲ ਹਾਰਬਰ (Coal Harbour) ਵਿੱਚ ਬਣੇ ਚੀਨੀ ਕਾਮਿਆਂ ਦੇ ਕੈਂਪਾਂ ਵੱਲ ਦੌੜ ਪਏ। ਇਹ ਚੀਨੀ ਕਾਮੇ ਅੱਜ ਦੇ ਵੈਸਟ ਐਂਡ (West End) ਇਲਾਕੇ ਵਿੱਖੇ ਦਰਖਤ ਕੱਟਣ ਦੇ ਕੰਮ ਤੇ ਰੱਖੇ ਗਏ ਸਨ। ਗੋਰਿਆਂ ਨੇ ਜਾ ਕੇ ਇਹਨਾਂ ਕੈਂਪਾਂ ਤੇ ਹਮਲਾ ਕਰ ਦਿੱਤਾ, ਟੈਂਟ ਭੰਨ ਦਿੱਤੇ, ਬਿਸਤਰੇ, ਕੱਪੜੇ ਅਤੇ ਘਰਾਂ ਦਾ ਸਮਾਨ ਸਾੜ ਕੇ ਸਵਾਹ ਕਰ ਦਿੱਤਾ।

ਅਗਲੇ ਪੜਾਅ ਲਈ ਦੱਖਣ ਵੱਲ ਮੁੜੋ ਅਤੇ ਦੋ ਬਲੌਕ ਤੁਰ ਕੇ ਕੈਰਲ (Carral) ਅਤੇ ਹੇਸਟਿੰਗਜ਼ (Hastings) ਦੇ ਉੱਤਰ-ਪੂਰਵੀ ਕੋਨੇ ਵੱਲ ਜਾਓ।

2. ਕੈਰਲ ਅਤੇ ਹੇਸਟਿੰਗਜ਼:

ਕੈਰਲ ਅਤੇ ਹੇਸਟਿੰਗਜ਼ ਦਾ ਇਹ ਕੋਨਾ ਵੈਨਕੂਵਰ ਦੇ ਪਹਿਲੇ ਐਨਟਰਟੇਨਮੈਨਟ ਡਿਸਟ੍ਰਿਕਟ (Entertainment District) ਦਾ ਗੜ੍ਹ ਹੋਇਆ ਕਰਦਾ ਸੀ। ਇਸ ਜਗਾਹ ਬਹੁਤ ਸਾਰੇ ਨਾਟਘਰ ਅਤੇ ਸ਼ਰਾਬਖਾਨੇ ਸਨ।

ਸੜਕ ਦੇ ਪਾਰ ਪੱਛਮ ਵਾਲੇ ਪਾਸੇ ਪਾਇਨੀਅਰ ਸਕੁਏਅਰ (Pioneer Square) ਹੈ - ਜਿਸਨੂੰ ਹੁਣ ਅਸੀਂ Pigeon Park ਆਖਦੇ ਹਾਂ। ਇਹ 1932 ਵਿੱਚ ਬਣਾਇਆ ਗਿਆ ਸੀ, ਜਦੋਂ ਬੁਰਾਰਡ ਇਨਲੈਟ ਤੋਂ ਫੌਲਸ ਕ੍ਰੀਕ ਨੂੰ ਜਾਂਦੀ ਰੇਲ ਗੱਡੀ ਦੇ ਟ੍ਰੈਕ ਦਾ ਰਸਤਾ ਬਦਲਿਆ ਗਿਆ ਸੀ।

ਦੱਖਣ-ਪੱਛਮੀ ਕੋਨੇ ਵਿੱਚ 1891 ਤੋਂ 1958 ਦੌਰਾਨ ਚੱਲੀ BC Electric Railway Inter Urban Streetcar ਦਾ ਡੀਪੂ ਹੁੰਦਾ ਸੀ। ਕਿਸੇ ਸਮੇਂ ਹਰ ਰੋਜ਼ ਵੈਨਕੂਵਰ, ਚਿਲੀਵੈਕ, ਸਟੀਵਸਟਨ, ਅਤੇ ਨਿਊ-ਵੈਸਟਮਿਨਸਟਰ ਵਿੱਚਕਾਰ ਸਫ਼ਰ ਕਰਦਿਆਂ 10,000 ਲੋਕ ਇਸ ਰੇਲ ਸਟੇਸ਼ਨ ਤੋਂ ਦਿਨ ਵਿੱਚ ਦੋ ਵਾਰ ਲੰਘਦੇ ਸਨ।

ਯੂਰੋਪੀ ਆਵਾਸੀਆਂ ਦਾ ਭਾਈਚਾਰਾ ਉਸ ਸਮੇਂ ਪਰਮੁੱਖ ਸੀ, ਅਤੇ ਕੇਵਲ ਉਹਨਾਂ ਦੇ ਵਪਾਰ ਦੇ ਵਿਕਾਸ ਖਾਤਰ ਦੂਸਰੀਆਂ ਨਸਲਾਂ ਦੇ ਲੋਕਾਂ ਨੂੰ ਸ਼ਹਿਰ ਦੇ ਮਾੜੇ ਅਤੇ ਖਤਰਨਾਕ ਇਲਾਕਿਆਂ ਵਿੱਚ ਧੱਕ ਦਿੱਤਾ ਗਿਆ ਜਿੱਥੇ ਉਹ ਝੁੱਗੀਆਂ-ਝੌਂਪੜੀਆਂ ਵਿੱਚ ਰਹਿਣ ਲੱਗੇ। ਇਹ ਉਸ ਸਮੇਂ ਆਮ ਗੱਲ ਸੀ। ਇਨਡਿਜਨਸ ਅਤੇ ਏਸ਼ੀਅਨ ਲੋਕਾਂ ਨਾਲ਼ ਅਕਸਰ ਭੇਦ-ਭਾਵ ਕੀਤਾ ਜਾਂਦਾ ਸੀ। ਪੱਛਮੀ ਤੱਟ ਦੇ ਸਾਰੇ ਵੱਡੇ ਸ਼ਹਿਰਾਂ ਵਿੱਚ ਏਸ਼ੀਆ ਦੇ ਲੋਕਾਂ ਨੂੰ ਮੁੱਖ-ਧਾਰਾ ਤੋਂ ਬਾਹਰ ਰੱਖਣ ਲਈ ਏਸ਼ੀਐਟਿਕ ਐਕਸਕਲੂਯਨ ਲੀਗਾਂ (Asiatic Exclusion Leagues) ਬਣਾਈਆਂ ਗਈਆਂ। ਇਹ ਲੀਗਾਂ ਏਸ਼ੀਆ ਆਵਾਸੀਆਂ ਨੂੰ ਕੈਨੇਡਾ ਆਉਣ ਤੋਂ ਰੋਕਣ ਲਈ ਬਣੀਆਂ ਸਨ। ਇਹਨਾਂ ਆਵਾਸੀਆਂ ਵਿੱਚ ਸ਼ਾਮਲ ਸਨ ਜਪਾਨੀ, ਚੀਨੀ, ਕੋਰੀਅਨ, ਫਿਲੀਪੀਨੋ ਅਤੇ ਦੱਖਣੀ-ਏਸ਼ੀਅਨ ਲੋਕ, ਖਾਸ ਕਰ ਪੰਜਾਬ ਦੇ ਸਿੱਖ ਜਿਹਨਾਂ ਨੂੰ ਉਦੋਂ ਹਿੰਦੂ ਆਖਿਆ ਜਾਂਦਾ ਸੀ।

ਅਗਲੇ ਪੜਾਅ ਲਈ ਪੂਰਬ ਵੱਲ ਮੁੜੋ, ਹੇਸਟਿੰਗਜ਼ ਦੇ ਉੱਤਰੀ ਪਾਸੇ ਤੇ ਡੇਢ ਬਲੌਕ ਤੱਕ ਚੱਲ ਕੇ 139, ਈਸਟ ਹੇਸਟਿੰਗਜ਼ ਤੇ ਰੁੱਕ ਜਾਓ।

3. 139, ਈਸਟ ਹੇਸਟਿੰਗਜ਼ (ਬਾਲਮੋਰਲ ਹੋਟਲ ਦੇ ਨਾਲ, ਪੱਛਮ ਦਿਸ਼ਾ ਵਿੱਚ )

ਕੈਰਲ ਅਤੇ ਮੇਨ ਦੇ ਵਿਚਕਾਰ ਪੈਂਦੇ Hastings Street ਦੇ ਇਹ ਦੋ ਬਲੌਕ, ਸ਼ਹਿਰ ਦੇ ਪ੍ਰਮੁੱਖ ਵਪਾਰਕ ਇਲਾਕਿਆਂ ਵਿੱਚੋਂ ਸਨ। ਇੱਥੇ ਦੇ ਜ਼ਿਆਦਾਤਰ ਵਪਾਰੀ ਗੋਰੇ ਹੀ ਸਨ, ਪਰ 9 ਚੀਨੀ ਵਪਾਰੀ ਵੀ ਆਪਣਾ ਕੰਮ ਇੱਥੋਂ ਚਲਾਉਂਦੇ ਸਨ।

ਦੰਗਿਆਂ ਦੇ ਸਮੇਂ ਸੜਕ ਦੇ ਪਾਰ, ਸਾਹਮਣੇ ਖੱਬੇ ਪਾਸੇ 650 ਸੀਟਾਂ ਵਾਲਾ ਪੈਨਟੇਜਿਜ਼ ਥੀਏਟਰ (Pantages Theatre) ਉਸਾਰੀ ਅਧੀਨ ਸੀ। ਐਲੈਗਜ਼ੈਨਡਰ ਪੈਨਟੇਜਿਜ਼ (Alexander Pantages) ਵੈਨਕੂਵਰ ਤੋਂ ਲੈ ਕੇ ਹੌਲੀਵੁੱਡ (Hollywood) ਤੱਕ ਪੱਛਮੀ ਤੱਟ ਤੇ ਬਣਾਏ ਕਈ ਥਿਏਟਰਾਂ ਦਾ ਮਾਲਕ ਸੀ। ਉਸਨੇ ਇਸ ਕੰਮ ਦੀ ਸ਼ੁਰੂਆਤ, ਇੱਕ ਮਸ਼ਹੂਰ ਨਿਰਤਕੀ ਕਲੌਨਡਾਈਕ ਕੇਟ (Klondike Kate) ਤੋਂ, 1901 ਵਿੱਚ ਪੈਸੇ ਉਧਾਰ ਲੈ ਕੇ ਯੂਕੌਨ ਵਿੱਚ ਕੀਤੀ ਸੀ।

1907 ਵਿੱਚ ਦੇਸ਼ ਦੀ ਆਰਥਕ ਦਸ਼ਾ ਬਹੁਤ ਮੰਦੀ ਸੀ ਅਤੇ ਬੇਰੁਜ਼ਗਾਰੀ ਵਧ ਰਹੀ ਸੀ। ਉਸ ਸਾਲ 8000 ਤੋਂ ਵੀ ਵੱਧ ਜਪਾਨੀ ਆਵਾਸੀ ਸਾਲ ਦੇ ਪਹਿਲੇ ਦਸ ਮਹੀਨਿਆਂ ਵਿੱਚ ਕੈਨੇਡਾ ਆ ਪਹੁੰਚੇ, ਇਹ ਗਿਣਤੀ ਪਿਛਲੇ ਸਾਲਾਂ ਨਾਲੋਂ ਕਿਤੇ ਵਧ ਸੀ। ਅਸਲ ਵਿੱਚ ਉੱਤਰੀ British Columbia ਵਿੱਚ ਰੇਲਵੇ ਟਰੈਕ ਬਣਾਉਣ ਲਈ Grand Trunk and Pacific Railway ਨੇ ਔਟਵਾ ਤੋਂ 10,000 ਜਪਾਨੀ ਕਾਮਿਆਂ ਨੂੰ ਮੰਗਵਾਉਣ ਦੀ ਇਜਾਜ਼ਤ ਮੰਗੀ ਸੀ। ਇਸ ਕਾਰਨ ਨਸਲਵਾਦੀ ਤਣਾਵ ਬਹੁਤ ਵੱਧ ਗਿਆ।

ਬਰਿਟਿਸ਼ ਕਲੰਬੀਆ ਦੇ Attorney General William Bowser ਨੇ ਇੱਕ ਇੰਮੀਗ੍ਰੇਸ਼ਨ ਐਕਟ ਦਾ ਮਤਾ ਪਾਸ ਕੀਤਾ ਜਿਸ ਨਾਲ ਰਾਜ ਵਿੱਚ ਆਉਣ ਵਾਲੇ ਏਸ਼ੀਅਨ ਆਵਾਸੀਆਂ ਦੀ ਗਿਣਤੀ ਬਹੁਤ ਸੀਮਿਤ ਹੋ ਜਾਏ। ਪਰ Lieutenant Governor ਨੇ ਇਸ ਐਕਟ ਨੂੰ ਮਨਜ਼ੂਰੀ ਨਹੀਂ ਦਿੱਤੀ ਕਿਉਂਕਿ ਇਹ ਜਪਾਨ ਨਾਲ ਕੀਤੇ ਗਏ ਇੱਕ ਅੰਤਰਰਾਸ਼ਟਰੀ ਸਮਝੌਤੇ ਦੇ ਖਿਲਾਫ਼ ਸੀ।

ਜੁਲਾਈ ਵਿੱਚ ਐਸ. ਐਸ. ਕਿਊਮਰਿਕ (S.S. Kumeric) ਤੇ ਸਵਾਰ ਹੋ ਕੇ 1100 ਤੋਂ ਵੱਧ ਜਪਾਨੀ ਹਵਾਈ ਤੋਂ ਆ ਪਹੁੰਚੇ। ਇਹ ਜਪਾਨੀ ਕਾਮੇ Nippon Supply Company ਅਤੇ Canada Pacific Railway ਦੇ ਦਰਮਿਆਨ ਹੋਏ ਲੇਬਰ ਸਪਲਾਈ ਕੌਨਟ੍ਰੈਕਟ ਅਧੀਨ ਆਏ ਸਨ। ਉਹਨਾਂ ਦੇ ਆਉਣ ਦਾ ਕਾਰਨ ਇਹ ਵੀ ਸੀ ਕਿ ਉਹ ਹਵਾਈ ਦੇ ਟਾਪੂਆਂ ਤੇ ਫੈਲੀ ਪਲੇਗ ਦੀ ਬਿਮਾਰੀ ਤੋਂ ਬਚਣਾ ਚਾਹੁੰਦੇ ਸਨ।

ਫਿਰ 5 ਸਤੰਬਰ ਨੂੰ, ਗੋਰੇ ਕਾਮਿਆਂ ਨੇ 500 ਪੰਜਾਬੀ ਕਾਮਿਆਂ ਉੱਤੇ ਬੈਲਿੰਗੈਮ ਵਿੱਖੇ ਹਮਲਾ ਕਰ ਕੇ ਉਹਨਾਂ ਨੂੰ ਸ਼ਹਿਰ ਤੋਂ ਬਾਹਰ ਕੱਢ ਦਿੱਤਾ। ਬੈਲਿੰਗੈਮ ਵੌਸ਼ਿੰਗਟਨ ਰਾਜ ਤੋਂ 90 ਕਿਲੋਮੀਟਰ ਦੱਖਣ ਵੱਲ ਹੈ। ਸ਼ਹਿਰ ਤੋਂ ਕੱਢੇ ਜਾਣ ਉਪਰੰਤ ਜਿਹੜੇ ਕਾਮੇ ਉੱਤਰ ਦਿਸ਼ਾ ਵੱਲ ਚੱਲੇ, ਉਹਨਾਂ ਨੂੰ ਕੈਨੇਡਾ ਵਿੱਚ ਪਰਵੇਸ਼ ਕਰਨ ਦਿੱਤਾ ਗਿਆ ਕਿਉਂਕਿ ਉਹ ਅੰਗ੍ਰੇਜ਼ ਰਾਜ ਦੇ ਅਧੀਨ ਸਨ।

ਅਗਲੇ ਪੜਾਅ ਲਈ ਮੇਨ ਤੱਕ ਹੇਸਟਿੰਗਜ਼ ਉੱਤੇ ਪੂਰਬ ਦਿਸ਼ਾ ਵੱਲ ਚਲਦੇ ਰਹੋ। ਫਿਰ ਮੇਨ ਅਤੇ ਹੇਸਟਿੰਗਜ਼ ਪਾਰ ਕਰ ਜਾਓ। ਇਸ ਤੋਂ ਬਾਦ ਦੱਖਣ ਦਿਸ਼ਾ ਵਿੱਚ ਅੱਧਾ ਬਲਾਕ ਚੱਲ ਕੇ 438 ਮੇਨ ਤੇ ਰੁਕ ਜਾਓ।

4. ਮੇਨ ਸਟ੍ਰੀਟ, ਹੇਸਟਿੰਗਜ਼ ਸਟ੍ਰੀਟ ਤੋਂ ਦੱਖਣ ਵੱਲ

ਸੜਕ ਪਾਰ ਪੱਛਮ ਵੱਲ ਦੇਖਦਿਆਂ, ਕਾਰਨੇਗੀ ਕਮੀਊਨਿਟੀ ਸੈਂਟਰ (Carnegie Community Centre) ਦੇ ਖੱਬੇ ਪਾਸੇ, ਪੁਰਾਣਾ ਮਾਰਕਿਟ ਹੌਲ (Market Hall) ਹੋਇਆ ਕਰਦਾ ਸੀ। 1897 ਤੋਂ 1929 ਤੱਕ ਸਿਟੀ ਹਾਲ ਇਸਦੀ ਦੂਸਰੀ ਮੰਜ਼ਲ ਤੇ ਸਥਿੱਤ ਸੀ। ਹੇਠਲੀ ਮੰਜ਼ਲ ਵਿੱਚ ਇੱਕ ਬਜ਼ਾਰ ਲਗਦਾ ਸੀ ਅਤੇ ਇਹੋ ਜਗ੍ਹਾ 2000 ਬੰਦਿਆਂ ਦੇ ਇਕੱਠ ਲਈ ਔਡੀਟੋਰੀਅਮ ਵੀ ਬਣ ਜਾਂਦੀ ਸੀ।

1907 ਵਿੱਚ ਇੱਕ Conservative Labour ਸੰਗਠਨ, ਜਿਸਦਾ ਨਾਂ Vancouver Trades and Labour Council ਸੀ, ਨੇ Asiatic Exclusion League ਸਥਾਪਿਤ ਕੀਤੀ। ਲੀਗ ਦੀ 12 ਅਗਸਤ ਨੂੰ ਰੱਖੀ ਪਹਿਲੀ ਮੀਟਿੰਗ ਵਿੱਚ 400 ਬੰਦਿਆਂ ਨੇ ਭਾਗ ਲਿਆ। ਇਹ ਲੀਗ San Francisco ਅਤੇ ਹੋਰ ਸ਼ਹਿਰਾਂ ਵਿੱਚ ਬਣਾਈਆਂ ਗਈਆਂ ਜਪਾਨੀ ਅਤੇ ਕੋਰੀਅਨ ਐਕਸਕਲੂਯਨ ਲੀਗਾਂ ਦੇ ਢਾਂਚੇ ਤੇ ਅਧਾਰਿਤ ਸਨ। ਇਹ ਲੀਗਾਂ ਇਹੋ ਜਿਹਾ ਦੇਸ਼ ਭਾਲਦੀਆਂ ਸਨ ਜਿਸ ਦੇ ਵਸਨੀਕ ਕੇਵਲ ਗੋਰੇ ਹੋਣ, ਏਸ਼ੀਅਨ ਕਾਮਿਆਂ ਨੂੰ ਕੰਮ ਦੇਣਾ ਗੈਰ-ਕਾਨੂੰਨੀ ਹੋਵੇ – ਇਸ ਖਾਤਰ ਚਾਹੇ ਜ਼ਬਰਦਸਤੀ ਕਰਨੀ ਪਏ। ਵੈਨਕੂਵਰ ਦੇ ਮੇਅਰ Alexander Bethune ਅਤੇ ਕਈ ਹੋਰ ਸਿਟੀ ਕੌਂਸਲਰਾਂ ਨੇ ਕ੍ਰਿਸਚੀਅਨ ਲੀਡਰਾਂ ਨਾਲ ਰਲ ਕੇ ਇਹ ਲੀਗ ਬਣਾਈ। Knights of Labour ਇਸ ਲੀਗ ਦੇ ਸਰਪਰਸਤ ਸਨ।

ਏਸ਼ੀਐਟਿਕ ਐਕਸਕਲੂਯਨ ਲੀਗ ਦਾ ਪਹਿਲਾ ਸਮਾਗਮ ਇੱਕ ਮੁਜ਼ਾਹਰੇ ਦੇ ਰੂਪ ਵਿੱਚ ਲੇਬਰ ਡੇ ਤੋਂ ਤੁਰੰਤ ਬਾਦ ਸ਼ਨਿੱਚਰਵਾਰ 7 ਸਤੰਬਰ ਨੂੰ ਆਯੋਜਿਤ ਕੀਤਾ ਗਿਆ। ਇਸ ਸਮਾਗਮ ਵਿੱਚ ਸਿਟੀ ਹਾਲ ਵਿਖੇ ਭਾਸ਼ਣ ਵੀ ਦਿੱਤੇ ਗਏ।

ਡਾਊਨਟਾਊਨ ਵੈਨਕੂਵਰ ਵਿੱਚ Cambie Street Grounds ਵਿੱਚ ਸ਼ਾਮ ਦੇ ਸੱਤ ਵਜੇ ਭੀੜ ਇਕੱਠੀ ਹੋ ਗਈ। ਇਸ ਜਗ੍ਹਾ ਨੂੰ ਹੁਣ ਲਾਰਵਿਲ ਪਾਰਕ (Larwill Park) ਕਿਹਾ ਜਾਂਦਾ ਹੈ। ਭੀੜ ਦੇ ਮੋਢੀ ਸਨ Beatty Drill Hall Regiment ਦੇ Major E. Brown। ਮੇਅਰ ਬੈਥੂਨ ਅਤੇ ਉਹਨਾਂ ਦੀ ਘਰਵਾਲੀ, ਕਈ ਲੇਬਰ ਅਤੇ ਚਰਚ ਦੇ ਲੀਡਰ, ਲੱਗ-ਭੱਗ 5000 ਬੰਦਿਆਂ ਸਮੇਤ ਸਫੇਦ ਝੰਡੇ ਲਹਿਰਾਉਂਦੇ, ਹੇਸਟਿੰਗਜ਼ ਸਟ੍ਰੀਟ ਤੋਂ ਹੁੰਦੇ ਹੋਏ ਸਿਟੀ ਹੌਲ ਵੱਲ ਵਧੇ। ਝੰਡਿਆਂ ਤੇ ਲਿਖਿਆ ਹੋਇਆ ਸੀ – 'A White Canada for us' ਭਾਵ "ਕਨੇਡਾ ਕੇਵਲ ਗੋਰਿਆਂ ਲਈ।"

ਜਦੋਂ ਤੱਕ ਭੀੜ ਪੁਰਾਣੇ ਮਾਰਕਿਟ ਹੌਲ ਤੱਕ ਪਹੁੰਚੀ, ਕਈ ਹਜ਼ਾਰ ਹੋਰ ਲੋਕ ਇਸ ਵਿੱਚ ਸ਼ਾਮਿਲ ਹੋ ਚੁੱਕੇ ਸਨ। ਕਿਹਾ ਜਾਂਦਾ ਹੈ ਕਿ 25 ਤੋਂ 30,000 ਲੋਕ ਇਸ ਮੁਜ਼ਾਹਰੇ ਦਾ ਹਿੱਸਾ ਬਣੇ, ਉਦੋਂ ਦੀ ਕੁੱਲ ਜਨ-ਸੰਖਿਆ ਦਾ ਇਹ ਤੀਸਰਾ ਹਿੱਸਾ ਸੀ। ਸਿਟੀ ਹਾਲ ਦੇ ਅੰਦਰ ਬਹੁਤੇ ਲੋਕ ਪਰਵੇਸ਼ ਨਹੀਂ ਕਰ ਪਾਏ। ਬਾਹਰ ਖੜ੍ਹੀ ਭੀੜ ਨੂੰ ਅੰਦਰ ਚੱਲ ਰਹੇ ਭਾਸ਼ਣਾਂ ਦਾ ਵੇਰਵਾ ਦੇਣ ਲਈ ਸੰਦੇਸ਼ਵਾਹਕ ਅੰਦਰੋ ਬਾਹਰ ਦੌੜਦੇ ਰਹੇ। ਲੀਗ ਨੇ ਬੜੇ ਉਤਸ਼ਾਹ ਨਾਲ ਇਹ ਮਤਾ ਪਾਸ ਕੀਤਾ ਕਿ ਫੈਡਰਲ ਸਰਕਾਰ ਕੋਲ ਸਦਾ ਲਈ ਏਸ਼ੀਅਨ ਲੋਕਾਂ ਨੂੰ ਕੈਨੇਡਾ ਤੋਂ ਬਾਹਰ ਰੱਖਣ ਦਾ ਨਿਵੇਦਨ ਕੀਤਾ ਜਾਵੇ। ਕਈ ਪਾਦਰੀਆਂ, ਵਕੀਲਾਂ, ਸਿਆਸਤਦਾਨਾਂ ਅਤੇ ਐਕਟੀਵਿਸਟਾਂ ਨੂੰ ਉਸ ਦਿਨ New Zealand ਅਤੇ ਅਮਰੀਕਾ ਤੋਂ ਭਾਸ਼ਣ ਦੇਣ ਲਈ ਖਾਸ ਤੌਰ ਤੇ ਸੱਦਿਆ ਗਿਆ ਸੀ। ਸੀਐਟਲ ਦੀ ਐਨਟੀ-ਜਪਾਨੀ ਅਤੇ ਕੋਰੀਅਨ ਲੀਗ ਦੇ A.E. Fowler ਨੇ ਸਿਟੀ ਹਾਲ ਦੇ ਬਾਹਰ ਆ ਕੇ ਭੀੜ ਨੂੰ ਭੜਕਾ ਦਿੱਤਾ।

ਗੁੱਸੇ ਵਿੱਚ ਆਇਆ ਇਕੱਠ ਡੂਪੌਂਟ ਸਟ੍ਰੀਟ, ਜਿਸਨੂੰ ਹੁਣ ਪੈਨਡਰ ਕਿਹਾ ਜਾਂਦਾ ਹੈ, ਤੋਂ ਲੰਘਦੇ ਹੋਏ ਚਾਈਨਾ ਟਾਊਨ ਵੱਲ ਵਧਣ ਲੱਗਾ। ਕਿਹਾ ਜਾਂਦਾ ਹੈ ਕਿ ਇੱਕ ਮੁੰਡੇ ਦੇ ਪੈਨਟੇਜਿਜ਼ ਥੀਏਟਰ ਤੋਂ ਇੱਟ ਚੁੱਕ ਕੇ ਇੱਕ ਤਾਕੀ ਤੇ ਮਾਰਨ ਨਾਲ ਭੰਨ-ਤੋੜ ਦਾ ਸਿਲਸਿਲਾ ਸ਼ੁਰੂ ਹੋਇਆ ਸੀ।

ਅਗਲੇ ਪੜਾਅ ਲਈ ਮੇਨ ਉੱਤੇ ਦੱਖਣ ਦਿਸ਼ਾ ਵੱਲ ਚੱਲੋ। ਪੈਨਡਰ ਅਤੇ ਮੇਨ ਲੰਘ ਕੇ ਦੱਖਣ-ਪੱਛਮੀ ਕੋਨੇ ਤੇ ਜਾ ਰੁਕੋ।

5. ਵੈਸਟਮਿਨਸਟਰ ਅਤੇ ਡੂਪੌਨਟ – ਮੇਨ ਅਤੇ ਪੈਨਡਰ (Westminster And Dupont - Main and Pender)

1907 ਵਿੱਚ ਮੇਨ ਸਟ੍ਰੀਟ ਅਤੇ ਪੈਨਡਰ ਨੂੰ ਵੈਸਟਮਿਨਸਟਰ ਐਵੇਨਿਊ (Westminster Avenue) ਅਤੇ ਡੂਪੌਨਟ (Dupont) ਦੇ ਨਾਂ ਨਾਲ ਬੁਲਾਇਆ ਜਾਂਦਾ ਸੀ। ਡੂਪੌਨਟ ਦਾ ਨਾਂ ਦੰਗਿਆ ਤੋਂ ਬਾਦ ਬਦਲ ਕੇ ਪੈਨਡਰ ਰੱਖ ਦਿੱਤਾ ਗਿਆ ਸੀ। ਇਸ ਜਗਾਹ ਤੋਂ ਚਾਈਨਾ ਟਾਊਨ (Chinatown) ਨੂੰ ਪਰਵੇਸ਼ ਕੀਤਾ ਜਾ ਸਕਦਾ ਸੀ ਅਤੇ ਉਸ ਦਿਨ ਭੀੜ ਨੇ ਇੱਥੋਂ ਹੀ ਧਾਵਾ ਬੋਲਿਆ ਸੀ। ਇਲਾਕਾ ਨਿਵਾਸੀ ਹਮਲੇ ਤੋਂ ਚੌਂਕ ਗਏ ਸਨ ਅਤੇ ਆਪਣੇ ਬਚਾਅ ਲਈ ਦੌੜ ਕੇ ਨੇੜਲੀਆਂ ਇਮਾਰਤਾਂ ਵਿੱਚ ਜਾ ਵੜੇ ਸਨ। ਹਮਲਾਵਰਾਂ ਨੇ ਚੀਨੀ ਲੋਕਾਂ ਦੁਆਰਾ ਚਲਾਏ ਜਾਂਦੇ ਵਪਾਰਾਂ ਦੀ ਪਛਾਣ ਕਰਕੇ ਉਹਨਾਂ ਦੀਆਂ ਦੁਕਾਨਾਂ ਦੀ ਬਹੁਤ ਤੋੜ-ਭੰਨ ਕੀਤੀ।

ਪੂਰਬ ਦਿਸ਼ਾ ਵਿੱਚ ਸੜਕ ਦੇ ਪਾਰ 518 ਮੇਨ ਉੱਤੇ ਯੂਚੋ ਚਾਓ (Yucho Chow) ਦਾ ਫੋਟੋਗ੍ਰਾਫੀ ਸਟੂਡੀਓ ਹੋਇਆ ਕਰਦਾ ਸੀ। ਉਸਨੇ ਆਪਣਾ ਸਟੂਡੀਓ ਪਹਿਲਾਂ 1906 ਵਿੱਚ 68 ਵੈਸਟ ਹੇਸਟਿੰਗਜ਼ (West Hastings) ਤੇ ਖੋਲ੍ਹਿਆ ਸੀ। ਫਿਰ ਸਟੂਡੀਓ ਦਾ ਸਥਾਨ ਕਈ ਵਾਰ ਬਦਲਣ ਤੋਂ ਬਾਦ ਉਹ 1930 ਵਿੱਚ ਇਸ ਜਗਾਹ ਆ ਟਿਕਿਆ ਸੀ। 1949 ਵਿੱਚ ਉਸਦੀ ਮੌਤ ਹੋ ਜਾਣ ਤੋਂ ਬਾਦ ਉਸਦੇ ਦੋ ਪੁੱਤਰ ਪੀਟਰ ਅਤੇ ਫਿਲਿਪ ਨੇ ਲਾਗੇ ਹੀ 512 ਮੇਨ ਤੇ ਸਟੂਡੀਓ ਦਾ ਕੰਮ 1986 ਤੱਕ ਚਲਾਇਆ।

ਯੂਚੋ ਚਾਓ (Yucho Chow) ਫਖਰ ਨਾਲ ਕਹਿੰਦਾ ਸੀ ਕਿ ਉਹ ਆਪਣਾ ਸਟੂਡੀਓ ਦਿਨ-ਰਾਤ, ਮੀਂਹ-ਹਨ੍ਹੇਰੀ ਵੇਖੇ ਬਗੈਰ ਖੋਲੀ ਰੱਖਦਾ ਸੀ। ਉਸਨੇ ਕਈ ਪਰਿਵਾਰਾਂ, ਵਿਆਹਾਂ, ਵਪਾਰੀਆਂ ਅਤੇ ਕਲਾਕਾਰਾਂ ਦੀ ਯਾਦ ਨੂੰ ਸੰਭਾਲਿਆ। ਤਸਵੀਰਾਂ ਨੂੰ ਦਿਲਚਸਪ ਬਣਾਉਣ ਲਈ ਉਸ ਨੇ ਸਟੂਡੀਓ ਵਿੱਚ ਵੰਨ-ਸੁਵੰਨੀਆਂ ਚੀਜ਼ਾਂ ਰੱਖੀਆਂ ਹੋਈਆਂ ਸਨ, ਜਿਵੇਂ ਕਿ ਇੱਕ ਸੁਨਹਿਰੀ ਘੜੀ, ਇੱਕ ਮਾਲਾ, ਕਿਤਾਬਾਂ, ਅਤੇ ਹੋਰ ਕਈ ਵਸਤੂਆਂ ਜਿਹੜੀਆਂ ਤਸਵੀਰਾਂ ਖਿਚਵਾਉਣ ਆਏ ਲੋਕਾਂ ਨੂੰ ਸਫਲ ਅਤੇ ਖੁਸ਼ਹਾਲ ਦਰਸਾਉਂਦੀਆਂ ਸਨ।

ਚਾਓ ਦੇ ਕੰਮ ਦੀ ਖਾਸੀਅਤ ਇਹ ਸੀ ਕਿ ਉਹ ਤਸਵੀਰਾਂ ਦੀ ਦੁਨੀਆ ਤੋਂ ਕਿਸੇ ਨੂੰ ਵਾਂਝਾ ਨਹੀਂ ਸੀ ਰੱਖਦਾ। ਕਈ ਗੋਰੇ ਫੋਟੋਗ੍ਰਾਫਰ ਹੋਰ ਗੋਰੇ ਵਪਾਰੀਆਂ ਵਾਂਗ ਕਿਸੇ ਹੋਰ ਨਸਲ ਦੇ ਲੋਕਾਂ ਨੂੰ ਆਪਣੀਆਂ ਸੇਵਾਵਾਂ ਨਹੀਂ ਸਨ ਦਿੰਦੇ। ਪਰ ਚਾਓ ਦੇ ਸਟੂਡੀਓ ਵਿੱਚ ਹਰ ਕਿਸੇ ਦਾ ਸਵਾਗਤ ਸੀ। ਉਸ ਨੇ ਸਟ੍ਰੈਥਕੋਨਾ (Strathcona) ਵਿੱਚ ਰਹਿਣ ਵਾਲੇ ਸੀਮਾਂਤਵਾਦ ਦੇ ਸ਼ਿਕਾਰ ਹੋਏ ਚੀਨੀ, ਜਪਾਨੀ, ਸਿੱਖ, ਕਾਲ਼ੇ, ਪੂਰਬ ਯੂਰੋਪੀ ਅਤੇ ਅੰਤਰਨਸਲੀ ਪਰਿਵਾਰਾਂ ਸਮੇਤ ਸਾਰੇ ਭਾਈਚਾਰਿਆਂ ਦੇ ਲੋਕਾਂ ਦੇ ਦਸਤਾਵੇਜ਼ ਤਸਵੀਰਾਂ ਦੁਆਰਾ ਬਣਾਏ।

ਵੈਨਕੂਵਰ ਵਿੱਚ ਵੱਸਣ ਵਾਲ਼ੇ ਕਾਲ਼ੇ ਲੋਕ ਇਹਨਾਂ ਦੰਗਿਆਂ ਸਮੇਂ ਕਿਸੇ ਇੱਕ ਜਗਾਹ ਇਕੱਠੇ ਨਹੀਂ ਸਨ ਰਹਿੰਦੇ। ਉਹਨਾਂ ਦੀ ਸੰਖਿਆ ਘੱਟ ਹੋਣ ਕਾਰਨ ਉਹਨਾਂ ਨੂੰ ਏਸ਼ੀਅਨ ਲੋਕਾਂ ਵਾਂਗ ਇੱਕ ਖਤਰਾ ਨਹੀਂ ਸੀ ਸਮਝਿਆ ਜਾਂਦਾ। ਇਹਨਾਂ ਵਿੱਚੋਂ ਕਈ ਚੌਂਕ ਤੋਂ ਦੱਖਣ ਵੱਲ Hogan’s Alley ਵਿੱਚ ਆ ਕੇ ਵੱਸ ਗਏ ਸਨ।

ਅਗਲੇ ਪੜਾਅ ਲਈ ਪੈਨਡਰ ਤੇ ਪੱਛਮ ਵੱਲ ਦੋ ਬਲੌਕ ਤੁਰੋ, ਫਿਰ ਪੈਨਡਰ ਅਤੇ ਕੈਰਲ ਦੇ ਦੱਖਣ-ਪੂਰਬੀ ਕੋਨੇ ਵਿੱਚ ਰੁਕ ਜਾਓ।

6. ਪੈਨਡਰ ਅਤੇ ਕੈਰਲ

ਸੜਕ ਦੇ ਪਾਰ ਉੱਤਰ-ਪੱਛਮੀ ਕੋਨੇ ਤੇ Chee Kung Tong ਚਾਈਨੀਜ਼ Freemasons ਇਮਾਰਤ ਹੈ। ਪਾਣੀ ਦਾ ਪੱਧਰ ਉੱਚਾ ਹੋਣ ਤੇ ਸਮੁੰਦਰ ਦਾ ਪਾਣੀ ਫੌਲਸ ਕ੍ਰੀਕ ਰਾਹੀਂ ਪੈਨਡਰ ਤੱਕ ਆ ਪਹੁੰਚਦਾ ਸੀ। ਵੈਨਕੂਵਰ ਵਿਖੇ ਚੰਦਾ ਇਕੱਠਾ ਕਰਨ ਆਏ Dr. Sun Yat-Sun ਇੱਕ ਵਾਰੀ ਇਸ ਇਮਾਰਤ ਦੀ ਦੂਸਰੀ ਮੰਜ਼ਲ ਦੇ ਇੱਕ ਕਮਰੇ ਵਿੱਚ ਰੁਕੇ ਸਨ। ਹੇਠਲੀ ਮੰਜ਼ਲ ਤੇ Pekin Chop Suey House ਹੋਇਆ ਕਰਦਾ ਸੀ। ਦੰਗਿਆਂ ਤੋਂ ਬਾਦ ਗੋਰੀਆਂ ਔਰਤਾਂ ਦਾ ਚੀਨੇ ਲੋਕਾਂ ਦੇ ਰੈਸਰੋਰੈਂਟਾਂ ਵਿੱਚ ਕੰਮ ਕਰਨਾ ਗੈਰ-ਕਨੂੰਨੀ ਬਣਾ ਦਿੱਤਾ ਗਿਆ।

ਉੱਤਰੀ ਦਿਸ਼ਾ ਵਿੱਚ ਤੁਹਾਡੇ ਸਾਹਮਣੇ ਸੱਜੇ ਪਾਸੇ Wing Sang Building ਹੈ, ਜਿਸਨੂੰ ਇੱਕ ਮਸ਼ਹੂਰ ਵਪਾਰੀ Yip Sang ਲਈ 1889 ਵਿੱਚ ਬਣਾਇਆ ਗਿਆ ਸੀ। ਆਪਣੇ ਵਰਗੇ ਹੋਰ ਚੀਨੀਆਂ ਵਾਂਗ ਉਹ ਵੀ ਵੈਨਕੂਵਰ ਵਿਖੇ Guangdong ਸੂਬੇ ਦੀ Taishan County ਤੋਂ ਆਇਆ ਸੀ। 19 ਸਾਲ ਦੀ ਉਮਰ ਵਿੱਚ ਉਹ ਸਮੁੰਦਰੀ ਜਹਾਜ਼ ਰਾਹੀਂ ਕੈਲੀਫੋਰਨੀਆ ਪਹੁੰਚਿਆ ਜਿੱਥੇ ਉਸਨੇ ਖਾਣਾ ਪਕਾਉਣ ਅਤੇ ਬਰਤਨ ਮਾਂਜਣ ਦਾ ਕੰਮ ਕੀਤਾ। ਉਹ ਅਮਰੀਕਾ ਤੋਂ ਉੱਤਰ ਵੱਲ ਕੈਰੀਬੂ ਵਿਖੇ ਸੋਨੇ ਦੀ ਭਾਲ ਵਿੱਚ ਆਇਆ ਸੀ ਅਤੇ ਇਸ ਕੰਮ ਵਿੱਚ ਅਸਫਲ ਹੋਣ ਤੋਂ ਬਾਦ ਉਹ ਵੈਨਕੂਵਰ ਵਿੱਚ ਵੱਸ ਗਿਆ ਅਤੇ ਘਰੋ-ਘਰ ਕੋਲ਼ਾ ਵੇਚਣ ਲੱਗਾ। ਅੰਗ੍ਰੇਜ਼ੀ ਭਾਸ਼ਾ ਜਾਨਣ ਕਰਕੇ ਅਤੇ ਪੜ੍ਹਿਆ-ਲਿਖਿਆ ਹੋਣ ਕਾਰਨ ਉਹ Canadian Pacific Railroad ਦਾ ਲੇਬਰ ਕੌਨਟ੍ਰੈਕਟਰ ਬਣ ਗਿਆ, ਅਤੇ ਇੱਕ ਸਮੇਂ ਤੇ 7000 ਕਾਮੇ ਉਸਦੀ ਦੇਖ ਰੇਖ ਹੇਠ ਕੰਮ ਕਰਦੇ ਸਨ।

ਜਦੋਂ ਭੀੜ ਚਾਈਨਾਟਾਊਨ ਪਹੁੰਚੀ ਤਾਂ ਚੀਨੀ ਵਸਨੀਕ ਪਹਿਲਾਂ ਤਾਂ ਚੌਂਕ ਗਏ। ਪਰ ਫਿਰ ਉਹ ਸੰਭਲ ਕੇ ਮੁਕਾਬਲਾ ਕਰਨ ਲੱਗੇ। ਦੰਗਿਆਂ ਦੌਰਾਨ ਕੋਈ ਜਾਨ ਤਾਂ ਨਹੀਂ ਗਈ ਪਰ ਇਸਦੀ ਨੌਬਤ ਕਈ ਮੌਕਿਆਂ ਤੇ ਆ ਗਈ ਸੀ। ਵੈਨਕੂਵਰ ਪ੍ਰੌਵਿਨਸ ਅਖਬਾਰ ਅਨੁਸਾਰ Canton Alley ਵਿੱਚ ਇੱਕ ਕਾਲ਼ੀ ਔਰਤ ਨੇ ਭੀੜ ਵਿੱਚੋਂ Mc Gregor ਨਾਂ ਦੇ ਇੱਕ ਗੋਰੇ ਫਸਾਦੀ ਨੂੰ ਦੰਗੇ ਦੌਰਾਨ ਪੁਲੀਸ ਆਉਣ ਤੱਕ ਆਪਣੇ ਘਰ ਅੰਦਰ ਬਚਾ ਕੇ ਰੱਖਿਆ ਸੀ।

ਦਸ ਵਜੇ ਤੱਕ ਪੁਲੀਸ ਨੇ ਛੁੱਟੀ ਗਏ ਅਫਸਰਾਂ ਨੂੰ ਵੀ ਵਾਪਸ ਬੁਲਾ ਲਿਆ ਸੀ- ਉਹਨਾਂ ਦੀ ਗਿਣਤੀ ਦੋ ਦਰਜਨ ਸੀ। ਭੀੜ ਦੇ ਸਾਹਮਣੇ ਇਹ ਸੰਖਿਆ ਏਨੀ ਘੱਟ ਸੀ ਕਿ ਉਹ ਕੁਝ ਨਾ ਕਰ ਸਕੇ ਅਤੇ ਕਈ ਵਾਰ ਆਪ ਹਮਲੇ ਦਾ ਸ਼ਿਕਾਰ ਹੋਣ ਤੋਂ ਬਚੇ। ਮਦਦ ਲਈ ਫਾਇਰ ਬ੍ਰੀਗੇਡ ਨੂੰ ਵੀ ਬੁਲਾਇਆ ਗਿਆ।

ਬਹੁਤ ਘੱਟ ਲੋਕ ਗਿਰਫਤਾਰ ਕੀਤੇ ਗਏ, ਕਿਉਂਕਿ ਫੜੇ ਗਏ ਫਸਾਦੀਆਂ ਨੂੰ ਭੀੜ ਝੱਟ ਛੁੜਾ ਲੈਂਦੀ ਸੀ। ਇੱਕ ਰਿਪੋਰਟ ਅਨੁਸਾਰ 24 ਲੋਕ ਗਿਰਫਤਾਰ ਕੀਤੇ ਗਏ, ਜੋ ਕਿ ਇੱਕ ਨਿਰਾ ਮਜ਼ਾਕ ਸੀ। ਇੱਕ ਹੋਰ ਰਿਪੋਰਟ ਅਨੁਸਾਰ ਕੇਵਲ ਉਹ ਕਾਮੇ ਫੜੇ ਗਏ ਜਿਹਨਾਂ ਦੀ ਸਿਆਸਤਦਾਨਾਂ ਤੱਕ ਕੋਈ ਪਹੁੰਚ ਨਹੀਂ ਸੀ। ਅੰਤ ਵਿੱਚ ਕੇਵਲ 5 ਫਸਾਦੀਆਂ ਨੂੰ ਗੁਨਾਹਗਾਰ ਸਾਬਤ ਕਰਕੇ ਇੱਕ ਤੋਂ ਛੇ ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ।

ਸਥਾਨਕ ਅੰਗ੍ਰੇਜ਼ੀ ਪ੍ਰੈਸ ਨੇ ਫਸਾਦੀਆਂ ਨੂੰ ਭੜਕਾਉਣ ਲਈ ਅਮਰੀਕਨ ਲੇਬਰ ਲੀਡਰਾਂ ਨੂੰ ਦੋਸ਼ੀ ਠਹਿਰਾਇਆ। ਖਾਸ ਇਸ ਮੌਕੇ ਤੇ ਭਾਸ਼ਣ ਦੇਣ ਆਉਣ ਵਾਲਿਆਂ ਵਿੱਚ ਸ਼ਾਮਲ ਸਨ A.E. Fowler, ਜਿਨ੍ਹਾਂ ਦਾ ਪਹਿਲਾਂ ਵੀ ਜ਼ਿਕਰ ਹੋਇਆ ਸੀ, Federation of the State of Washington ਦੇ ਪ੍ਰਧਾਨ Frank Cotterill, ਅਤੇ ਸੀਐਟਲ ਦੇ ਇੱਕ ਪ੍ਰਸਿੱਧ ਲੇਬਰ ਲੀਡਰ George P. Listman। ਚੀਨੀ ਭਾਸ਼ਾ ਦੀ ਪ੍ਰੈਸ ਨੇ ਗੋਰਿਆਂ ਦੀਆਂ ਸਥਾਨਕ ਯੂਨੀਅਨਾਂ, ਜੋ ਕਿ ਏਸ਼ੀਅਨ ਭਾਈਚਾਰੇ ਵਿਰੁੱਧ ਸਨ, ਨੂੰ ਦੋਸ਼ੀ ਠਹਿਰਾਇਆ।

ਉਸ ਸਮੇਂ ਕੇਵਲ ਇੱਕ ਯੂਨੀਅਨ ਸੀ ਜੋ ਸਾਮਵਾਦ ਦੇ ਖਿਲਾਫ ਸੀ, ਉਹ ਸੀ Bows and Arrows- ਲੇਬਰ ਹੈਂਡਲਰਜ਼ ਦੀ ਇੱਕ ਬਹੁ-ਨਸਲੀ ਇੰਡਸਟ੍ਰੀਅਲ ਟ੍ਰੇਡ ਯੂਨੀਅਨ, ਜਿਸਦੇ ਮੁੱਢਲੇ ਮੈਂਬਰਾਂ ਵਿੱਚ ਸੀ John. St. John, Barbados ਦਾ ਇੱਕ ਕਾਲ਼ਾ ਆਦਮੀ। ਇਸ ਯੂਨੀਅਨ ਵਿੱਚ ਜ਼ਿਆਦਾ ਕਰਮਚਾਰੀ Capilano Indian Reserve ਦੇ ਇੰਨਡਿਜਨਸ ਕਾਮੇ ਸਨ। ਉਹਨਾਂ ਨੇ ਇੰਡਸਟ੍ਰੀਅਲ ਵਰਕਰਜ਼ ਔਫ ਦ ਵਰਲਡ,

Wobblies, ਨਾਲ ਜੁੜਨ ਦਾ ਫੈਸਲਾ ਕੀਤਾ। ਵੌਬਲੀਜ਼ ਨਸਲਵਾਦ ਅਤੇ ਪੂੰਜੀਵਾਦ ਦੇ ਖਿਲਾਫ ਸਨ ਜਦ ਕਿ ਜ਼ਿਆਦਾ ਯੂਨੀਅਨਾਂ ਉਸ ਸਮੇਂ Asiatic Exclusion League ਦੀ ਹਿਮਾਅਤ ਕਰਦੀਆਂ ਸਨ।

ਅਗਲੇ ਪੜਾਅ ਲਈ ਕੈਰਲ ਪਾਰ ਕਰਦੇ ਹੋਏ ਪੈਨਡਰ ਤੇ ਪੱਛਮ ਵੱਲ ਚੱਲੋ। ਫਿਰ ਸ਼ੈਂਘਾਈ ਐਲੀ (Shanghai Alley) ਤੋਂ ਖੱਬੇ ਮੁੜ ਕੇ ਬਲੌਕ ਦੇ ਪਰਲੇ ਸਿਰੇ ਤੇ ਯਾਦਗਾਰੀ ਘੰਟੀ ਤੱਕ ਜਾਓ।

7. ਚਾਈਨੀਜ਼ ਹੈਰੀਟੇਜ ਐਲੀ/ ਸ਼ੈਂਘਾਈ ਐਲੀ

ਇਹ ਸ਼ੈਂਘਾਈ ਐਲੀ ਹੈ, ਜਿਸਦੀ ਲਾਗਲੀ ਕੈਨਟਨ ਐਲੀ (Canton Alley) ਚੀਨੀ ਭਾਈਚਾਰੇ ਦਾ ਆਰਥਕ ਅਤੇ ਸੱਭਿਆਚਾਰਕ ਕੇਂਦਰ ਹੋਇਆ ਕਰਦੀ ਸੀ। ਚਾਈਨਾਟਾਊਨ ਵਿੱਚ ਕਈ ਹਜ਼ਾਰ ਚੀਨੀ ਆਦਮੀ ਵੱਸੇ ਹੋਏ ਸਨ। ਉੱਤਰ ਦਿਸ਼ਾ ਵੱਲ ਸੱਜੇ ਪਾਸੇ Sing Kew Chinese Theatre ਹੋਇਆ ਕਰਦਾ ਸੀ, ਜਿਸ ਵਿੱਚ ਕੈਂਟੋਨੀਜ਼ ਔਪਰਾ (Cantonese Opera) ਆਯੋਜਤ ਕੀਤਾ ਜਾਂਦਾ ਸੀ। ਇਸੇ ਜਗਾਹ Dr. Sun Yat-Sen ਵੱਡੇ-ਵੱਡੇ ਇਕੱਠਾਂ ਸਾਹਮਣੇ ਚੀਨ ਵਿੱਚ ਸਿਆਸਤ ਕਰਾਂਤੀ ਬਾਰੇ ਭਾਸ਼ਣ ਦਿਆ ਕਰਦੇ ਸਨ।

Vancouver Daily World ਅਖਬਾਰ ਦੀ ਰਿਪੋਰਟ ਅਨੁਸਾਰ ਦੰਗਿਆਂ ਦੌਰਾਨ ਫਸਾਦੀਆਂ ਨੇ ਜਪਾਨੀ ਅਤੇ ਚੀਨੀ ਲੋਕਾਂ ਦੀਆਂ ਇਮਾਰਤਾਂ ਚੁਣ-ਚੁਣ ਕੇ ਉਹਨਾਂ ਦੀਆਂ ਤਾਕੀਆਂ ਦੇ ਸ਼ੀਸ਼ੇ ਭੰਨ ਦਿੱਤੇ, ਜਦ ਕਿ ਗੋਰਿਆਂ ਦੀਆਂ ਇਮਾਰਤਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਗਿਆ। ਮਿਸਾਲ ਲਈ Columbia Avenue ਉੱਤੇ ਚੀਨੀ ਲੋਕਾਂ ਦੀਆਂ ਸਾਰੀਆਂ ਤਾਕੀਆਂ ਭੰਨ ਦਿੱਤੀਆਂ ਗਈਆਂ ਜਦ ਕਿ ਉੱਥੇ ਦੇ ਦੋ ਗੋਰੇ ਰੀਅਲ ਇਸਟੇਟ ਏਜੈਂਟਾਂ ਦੀਆ ਖਿੜਕੀਆਂ ਸਾਬਤੀਆਂ ਛੱਡ ਦਿੱਤੀਆਂ ਗਈਆਂ।

ਸੋਮਵਾਰ ਸਵੇਰੇ ਡੇਲੀ ਪ੍ਰੌਵਿੰਸ (Daily Province) ਅਖਬਾਰ ਨੇ ਛਾਪਿਆ, ‘ਚੀਨੀਆਂ ਨੇ ਦੁਕਾਨਾਂ ਖੁੱਲਦਿਆਂ ਹੀ ਬੰਦੂਕਾਂ ਖਰੀਦ ਲਈਆਂ। ਪੁਲਿਸ ਦੇ ਮੌਕੇ ਤੇ ਆ ਕੇ ਬੰਦੂਕਾਂ ਦੀ ਵਿੱਕਰੀ ਰੋਕਣ ਤੋਂ ਪਹਿਲਾਂ ਹੀ ਸੈਂਕੜੇ ਰਿਵੌਲਵਰ ਅਤੇ ਕਈ ਹਜ਼ਾਰ ਗੋਲੀਆਂ ਚੀਨੀ ਲੋਕ ਖਰੀਦ ਚੁੱਕੇ ਸਨ।’

ਦੱਖਣ ਵਾਲੇ ਪਾਸੇ ਫੌਲਸ ਕ੍ਰੀਕ (False Creek) ਵਿੱਚ ਇੱਕ ਜੈਟੀ ਸੀ। ਲਾਗੇ ਹੀ ਬੀ. ਸੀ. ਸੌ-ਮਿਲ ਸੀ ਜਿਸ ਵਿੱਚ ਕਈ ਚੀਨੀ ਕਾਮੇ ਕੰਮ ਕਰਦੇ ਸਨ।

ਰੁਜ਼ਗਾਰ ਦੇ ਸਾਧਨ ਬਹੁਤ ਸੀਮਤ ਸਨ, ਕਿਉਂਕਿ ਏਸ਼ੀਅਨ ਬੰਦਿਆਂ ਨੂੰ ਕਈ ਤਰ੍ਹਾਂ ਦੇ ਕੰਮ ਕਰਨ ਤੋਂ ਪੂਰੀ ਪਾਬੰਦੀ ਸੀ ਅਤੇ ਗੋਰਿਆਂ ਦੀਆਂ ਯੂਨੀਅਨਾਂ ਵਪਾਰੀਆਂ ਨੂੰ ਚੀਨੀ ਲੋਕਾਂ ਨੂੰ ਕੰਮ ਤੇ ਨਹੀਂ ਸੀ ਰੱਖਣ ਦਿੰਦੀਆਂ।

ਸਿਟੀ ਔਫ ਵੈਨਕੂਵਰ (City of Vancouver) ਨੇ Provincial ਅਤੇ Federal ਸਰਕਾਰ ਨਾਲ ਰਲ ਕੇ ਏਸ਼ੀਅਨ, ਕਾਲ਼ੇ ਅਤੇ ਇਨਡਿਜਨਸ ਭਾਈਚਾਰੇ ਨਾਲ ਨਸਲਵਾਦ ਕੀਤਾ। ਉਹਨਾਂ ਤੋਂ ਵੋਟ ਪਾਉਣ ਦਾ ਹੱਕ ਖੋਹ ਲਿਆ ਗਿਆ। ਉਹਨਾਂ ਨੂੰ ਕਈ ਪੇਸ਼ਿਆਂ ਵਿੱਚ ਕੰਮ ਕਰਨ ਤੋਂ ਰੋਕ ਸੀ ਅਤੇ ਸ਼ਹਿਰ ਦੇ ਕਈ ਹਿੱਸਿਆਂ ਵਿੱਚ ਰਹਿਣ ਦੀ ਉਹਨਾਂ ਨੂੰ ਇਜਾਜ਼ਤ ਨਹੀਂ ਸੀ।

1885 ਦੇ Chinese Immigration Act ਨਾਲ ਕੈਨੇਡਾ ਵਿੱਚ ਪਰਵੇਸ਼ ਕਰਨ ਵਾਲੇ ਹਰ ਚੀਨੀ ਆਦਮੀ ਉੱਤੇ $50 ਦਾ ਟੈਕਸ ਲਗਾ ਦਿੱਤਾ ਗਿਆ, ਇਹ ਟੈਕਸ 1902 ਵਿੱਚ ਵਧਾ ਕੇ $100 ਕਰ ਦਿੱਤਾ ਗਿਆ। ਕੈਨੇਡਾ ਦੇ ਇਤਿਹਾਸ ਵਿੱਚ ਕਦੇ ਵੀ ਕਿਸੇ ਹੋਰ ਸਮੂਹ ਨੂੰ ਨਾਗਰਿਕਤਾ ਦੇ ਅਧਾਰ ਤੇ ਟੈਕਸ ਨਹੀਂ ਸੀ ਭਰਨਾ ਪਿਆ। 1923 ਦੇ Chinese Exclusion Act ਤਹਿਤ ਚੀਨੀ ਲੋਕਾਂ ਦਾ ਕੈਨੇਡਾ ਆਉਣਾ ਸਾਲ 1947 ਤੱਕ ਤਕਰੀਬਨ ਬੰਦ ਹੋ ਗਿਆ ਸੀ।

ਅਗਲੇ ਪੜਾਅ ਲਈ ਪੈਨਡਰ (Pender) ਵਾਪਸ ਜਾ ਕੇ ਸੱਜੇ ਮੁੜੋ, ਫਿਰ ਪੈਨਡਰ (Pender) ਅਤੇ ਕੌਲੰਬੀਆਂ (Columbia) ਦੇ ਉੱਤਰ-ਪੱਛਮੀ ਕੋਨੇ ਤੇ ਜਾਓ।

8. ਪੈਨਡਰ (Pender) ਅਤੇ ਕੌਲੰਬੀਆ (Columbia), ਉੱਤਰ-ਪੱਛਮੀ ਕੋਨਾ

ਇੱਕ ਬਲੌਕ ਉੱਤਰੀ ਦਿਸ਼ਾ ਵਿੱਚ ਕੌਲੰਬੀਆ (Columbia) ਅਤੇ ਹੇਸਟਿੰਗਜ਼ (Hastings) ਦੇ ਕੋਨੇ ਤੇ 1893 ਵਿੱਚ ਬਣੀ ਇਸ ਇਲਾਕੇ ਦੀ ਸਭ ਤੋਂ ਪੁਰਾਣੀ ਅਤੇ ਇਕੱਲੀ ਲੱਕੜ ਦੀ ਇਮਾਰਤ ਹੈ। ਇਸ ਇਮਾਰਤ ਵਿੱਚ ਸ਼ਹਿਰ ਦੇ ਮਸ਼ਹੂਰ ਦਰਜ਼ੀ ਫੌਨਗੁਨ (Fongoun) ਦੀ ਦੁਕਾਨ ਸੀ। ਦੰਗਿਆਂ ਤੋਂ ਬਾਦ ਫੌਨਗੁਨ (Fongoun) ਨੇ ਮੁਆਫਜ਼ੇ ਵਿੱਚ $350 ਮੰਗੇ ਸਨ, $144 ਤਾਕੀਆਂ ਦੀ ਮੁਰੰਮਤ ਲਈ ਅਤੇ ਬਾਕੀ ਦੁਕਾਨ ਦੋ ਹਫ਼ਤੇ ਬੰਦ ਰਹਿਣ ਦੌਰਾਨ ਮੁਲਾਜ਼ਮਾਂ ਨੂੰ ਦਿੱਤੀ ਗਈ ਤਨਖਾਹ ਲਈ। ਫੌਨਗੁਨ (Fongoun) ਦੇ ਜ਼ਿਆਦਾ ਗ੍ਰਾਹਕ ਗੋਰੇ ਹੀ ਸਨ।

ਉਸ ਸਮੇਂ ਚੀਨੀ ਕਾਮੇ ਜ਼ਿਆਦਾਤਰ ਇਕਰਾਰਨਾਮੇ ਨਾਲ ਬੱਧੇ ਹੁੰਦੇ ਸਨ, ਉਹ ਵਪਾਰੀਆਂ ਹੇਠ ਸਿੱਧੇ ਕੰਮ ਨਹੀਂ ਸਨ ਕਰਦੇ, ਬਲਕਿ ਯਿਪ ਸੈਂਗ (Yip Sang) ਵਰਗੇ ਲੇਬਰ ਠੇਕੇਦਾਰਾਂ ਦੇ ਰਾਹੀਂ ਕਾਨਟ੍ਰੈਕਟਾਂ ਵਿੱਚ ਬੰਨ੍ਹੇ ਜਾਂਦੇ ਸਨ। ਠੇਕੇਦਾਰ ਹੀ ਉਹਨਾਂ ਦਾ Head Tax ਅਤੇ ਆਉਣ-ਜਾਣ ਦਾ ਖਰਚਾ ਚੁੱਕਦੇ ਹਨ। ਚੀਨੀ ਕਾਮਿਆਂ ਦੀ ਤਨਖਾਹ, ਜੋ ਕਿ ਗੋਰੇ ਕਾਮਿਆਂ ਨਾਲੋਂ ਬਹੁਤ ਘੱਟ ਸੀ, ਠੇਕੇਦਾਰਾਂ ਦੇ ਹੱਥ ਫੜਾਈ ਜਾਂਦੀ ਸੀ। ਠੇਕੇਦਾਰ ਤਨਖਾਹ ਵਿੱਚੋਂ ਕਾਫ਼ੀ ਰਕਮ ਕੱਟ ਕੇ ਕਾਮਿਆਂ ਨੂੰ ਬਚੀ ਤਨਖਾਹ ਦਿੰਦੇ ਸਨ। ਜਿੰਦਾਂ-ਜਿੰਦਾਂ ਹੈੱਡ ਟੈਕਸ ਵਧਦਾ ਗਿਆ, ਕਾਮਿਆਂ ਲਈ ਕਰਜ਼ ਤੋਂ ਅਜ਼ਾਦੀ ਪਾਉਣਾ ਵੀ ਮੁਸ਼ਕਲ ਹੁੰਦਾ ਗਿਆ। ਜਦੋਂ ਤੱਕ ਹੈੱਡ ਟੈਕਸ ਦਾ ਕਰਜ਼ ਨਹੀਂ ਸੀ ਲਹਿ ਜਾਂਦਾ, ਕਾਮਿਆਂ ਨੂੰ ਲੇਬਰ ਕਾਨਟ੍ਰੈਕਟਰ ਅਤੇ ਮਾਲਕ ਤੇ ਨਿਰਭਰ ਰਹਿਣਾ ਪੈਂਦਾ ਸੀ।

ਯਿਪ ਸੈਂਗ ਨੇ 104-108 East Pender ਤੇ Chinese Benevolent Association ਦੀ ਸਥਾਪਤੀ ਵਿੱਚ ਮੱਦਦ ਕੀਤੀ, ਜਿਸ ਵਿੱਚ ਇੱਕ ਚੀਨੀ ਸਕੂਲ ਅਤੇ ਹਸਪਤਾਲ ਵੀ ਸੀ। ਸੈਂਗ ਇੱਕ ਸਮਾਜਕ ਅਤੇ ਸਿਆਸੀ ਐਕਟਿਵਿਸਟ ਵੀ ਸੀ। ਉਹ Chinese Empire Reform Associaton ਦਾ ਮੈਂਬਰ ਸੀ। ਇਹ ਸੰਸਥਾ ਚੀਨ ਵਿੱਚ ਵਿਕਾਸਵਾਦੀ ਸੁਧਾਰ ਰਾਹੀਂ ਨਵੀਨੀਕਰਨ ਲਿਆਉਣ ਦੇ ਹੱਕ ਵਿੱਚ ਸੀ ਅਤੇ ਬਦਲਾਵ ਲਿਆਉਣ ਲਈ ਕਰਾਂਤੀਵਾਦ ਦੇ ਖਿਲਾਫ ਸੀ।

ਯਿਪ 34, ਮਾਰਕਿਟ ਐਲੀ (Market Alley) ਵਿਖੇ ਸਥਿਤ ਇੱਕ ਅਫੀਮ ਦੀ ਫੈਕਟਰੀ ਦਾ ਮਾਲਕ ਸੀ। ਦੰਗੇ ਤੋਂ ਬਾਦ ਉਸਨੇ ਅਫੀਮ ਲਈ ਅਤੇ ਦੰਗਿਆਂ ਦੌਰਾਨ ਆਪਣੇ ਬਚਾਅ ਲਈ ਖਰੀਦੇ ਹਥਿਆਰਾਂ ਲਈ ਮੁਆਫਜ਼ਾ ਮੰਗਿਆ, ਦੋਵੇਂ ਬੇਨਤੀਆਂ ਨੂੰ ਨਾ-ਕਬੂਲ ਕਰ ਦਿੱਤਾ ਗਿਆ।

ਵੈਨਕੂਵਰ ਸਿਟੀ ਕੌਂਸਿੰਲ (Vancouver City Council) ਨੇ ਇੱਕ by-law ਪਾਸ ਕੀਤਾ ਜਿਹੜਾ ਕਿ ਚੀਨੀ ਲੋਕਾਂ ਨੂੰ ਜ਼ਮੀਨ ਖਰੀਦਣ ਤੇ ਪਾਬੰਦੀ ਲਾਉਂਦਾ ਸੀ। ਯਿਪ ਨੇ ਇਸ ਕਾਨੂੰਨ ਵਿੱਚ ਇੱਕ ਚੋਰ ਰਸਤਾ ਲੱਭ ਲਿਆ। ਇਹ ਕਨੂੰਨ ਚੀਨੀ ਕੰਪਨੀਆਂ ਤੇ ਲਾਗੂ ਨਹੀਂ ਸੀ ਹੁੰਦਾ। ਇਸ ਗੱਲ ਦਾ ਫਾਇਦਾ ਉਠਾਉਂਦਿਆਂ ਯਿਪ ਨੇ ਇੱਕ ਇਮਪੋਰਟ-ਐਕਸਪੋਰਟ ਕੰਪਨੀ ਖੋਲ ਲਈ ਅਤੇ ਉਸਦੇ ਨਾਂ ਤੇ ਜ਼ਮੀਨ ਖਰੀਦ ਲਈ।

ਅਗਲੇ ਪੜਾਅ ਲਈ ਕੌਲੰਬੀਆ (Columbia) ਤੇ ਤਿੰਨ ਬਲੌਕ ਉੱਤਰ ਦਿਸ਼ਾ ਵੱਲ ਜਾਓ। ਪੌਵੈਲ (Powell) ਪਾਰ ਕਰ ਕੇ ਸੱਜੇ ਮੁੜੋ, ਅਤੇ 122 ਪੌਵੈਲ (Powell) ਦੇ ਸਾਹਮਣੇ ਜਾ ਰੁਕੋ।

9. 100 ਬਲੌਕ ਪੌਵਲ (Powell)

ਐਤਵਾਰ ਦੁਪਹਿਰੇ Westminster ਤੋਂ ਪੂਰਬ ਵਾਲੇ ਪਾਸੇ ਇੱਕ ਵਾਰ ਫੇਰ ਫਸਾਦੀ ਇਕੱਤਰ ਹੋ ਗਏ। ਇਹ ਜਗਾਹ, ਜਿਸਨੂੰ ਹੁਣ ਮੇਨ ਸਟ੍ਰੀਟ (Main Street) ਆਖਿਆ ਜਾਂਦਾ ਹੈ, ਜਪਾਨ ਟਾਊਨ ਦਾ ਪਰਵੇਸ਼ ਦਵਾਰ ਸੀ। ਜਪਾਨੀ ਵਸਨੀਕ ਇਸ ਨੂੰ ਨਿਹੌਨ-ਮਾਕੀ (Nihonmachi) ਕਹਿ ਕੇ ਬੁਲਾਉਂਦੇ ਸਨ। ਪੌਵੈਲ ਸਟ੍ਰੀਟ ਇਲਾਕੇ ਨੂੰ ਪਾਅਰੂ ਗਾਏ (Paueru-Gai) ਆਖਿਆ ਜਾਂਦਾ ਸੀ।

ਜਪਾਨੀ ਵਸਨੀਕਾਂ ਨੂੰ ਹੋਣ ਵਾਲ਼ੇ ਹਮਲੇ ਦੀ ਖਬਰ ਪੂਰੇ ਇੱਕ ਦਿਨ ਪਹਿਲਾਂ ਮਿਲ ਗਈ ਸੀ। ਆਪਣੇ ਬਚਾਅ ਲਈ ਉਹਨਾਂ ਨੇ ਇੱਟਾਂ, ਪੱਥਰ, ਬੰਦੂਕਾਂ ਅਤੇ ਚਾਕੂ ਇਕੱਠੇ ਕਰ ਲਏ।

ਡੇਲੀ ਪ੍ਰੌਵਿਨਸ (Daily Province) ਅਖਬਾਰ ਨੇ ਰਿਪੋਰਟ ਕੀਤਾ, “ਮੌਕੇ ਤੇ ਪੁਲਿਸ ਜੋਸ਼ ਵਿੱਚ ਘੁਲ਼ਦੀ, ਚੀਕਦੀ-ਚਿਲਾਉਂਦੀ ਭੀੜ ਨੂੰ ਸੰਭਾਲਣ ਲਈ ਕੁਝ ਨਾ ਕਰ ਸਕੀ। ਸੋਟੀਆਂ, ਰੌਡਾਂ, ਰਿਵੌਲਵਰ, ਚਾਕੂ ਅਤੇ ਸ਼ੀਸ਼ੇ ਦੀਆਂ ਬੋਤਲਾਂ ਨਾਲ ਹਥਿਆਰ-ਬੰਦ ਗੁੱਸੇ ਵਿੱਚ ਆਏ ਜਪਾਨੀਆਂ ਦਾ ਸਬਰ ਜਲਦ ਜੀ ਟੁੱਟ ਗਿਆ ਅਤੇ ਉਹ ਵੀ ਸੜਕ ਤੇ ਉੱਤਰ ਆਏ। ”

ਜਪਾਨੀ ਲੋਕ ਵੈਨਕੂਵਰ ਵਿੱਚ ਸਭ ਤੋਂ ਪਹਿਲਾਂ 1877 ਵਿੱਚ ਆਏ ਸਨ। ਉਦੋਂ ਉਹਨਾਂ ਨੇ ਮੱਛੀ ਫੜਨ ਦਾ ਅਤੇ ਲੱਕੜੀ ਕੱਟਣ ਦਾ ਕੰਮ ਕੀਤਾ। ਸ਼ੁਰੂਆਤ ਵਿੱਚ ਜਪਾਨ ਦੀ ਸਰਕਾਰ ਆਪਣੇ ਨਾਗਰਿਕਾਂ ਨੂੰ ਦੇਸ਼ ਛੱਡ ਕੇ ਜਾਣ ਤੋਂ ਰੋਕਣ ਦੀ ਕੋਸ਼ਿਸ਼ ਕਰਦੀ ਸੀ। ਇੰਮਪੀਰੀਅਲ ਵਾਰ (Imperial War) ਲਈ ਬੰਦਿਆਂ ਦੀ ਲੋੜ ਸੀ। ਪਰ 1889 ਵਿੱਚ ਖਾਣੇ ਅਤੇ ਕੰਮ ਦੀ ਕਮੀ ਹੋਣ ਕਾਰਨ ਇਹ ਨੀਤੀ ਬਦਲ ਦਿੱਤੀ ਗਈ। ਫਿਰ ਜਪਾਨੀ ਸਰਕਾਰ ਨੇ ਵੈਨਕੂਵਰ ਵਿਖੇ ਇੱਕ ਕੌਨਸੁਲੇਟ (Consulate) ਵੀ ਖੋਲ ਲਿਆ।

ਜਪਾਨੀ ਭਾਈਚਾਰੇ ਦੀ ਅਸਾਹੀ ਬੇਸਬੌਲ (Asahi Baseball) ਟੀਮ ਜਪਾਨੀਆਂ ਲਈ ਬਰਾਬਰੀ ਅਤੇ ਇੱਜ਼ਤ ਕਮਾਉਣ ਦੇ ਸੰਘਰਸ਼ ਦਾ ਇੱਕ ਚਿੰਨ੍ਹ ਬਣ ਗਈ। ਇਸ ਟੀਮ ਨੇ ਜਪਾਨ ਦੀਆਂ ਮੇਜੀ (Meiji) ਯੁੱਗ ਦੀਆਂ ਧਾਰਨਾਵਾਂ ਨੂੰ ਅਪਣਾਇਆ ਜਿਵੇਂ ਕਿ Issho Kenmei ਭਾਵ ਮਿਹਨਤ, Gambari, ਜਿਸਦਾ ਮਤਲਬ ਹੈ ਦਰਿੜ੍ਹਤਾ, ਅਤੇ Gaman, ਜਿਸਦਾ ਅਰਥ ਹੈ ਸੰਜਮ।

ਖੇਡ ਦੌਰਾਨ ਦੋਨੋਂ ਪਾਸੇ ਦੇ ਪ੍ਰਸ਼ੰਸਕਾਂ ਨੇ ਟੀਮ ਦੇ ਉਤਸ਼ਾਹ ਨੂੰ ਸਲਾਹਿਆ। ਅੰਗ੍ਰੇਜ਼ੀ ਅਖਬਾਰਾਂ ਨੇ ਵੀ ਖੁੱਲ ਕੇ ਉਹਨਾਂ ਦੀ ਖੇਡ ਦੀ ਤਰੀਫ ਕੀਤੀ ਪਰ ਉਹਨਾਂ ਨੂੰ ਜੈਪਸ (Japs) ਜਾਂ ਨਿਪਸ (Nips) ਕਹਿ ਕੇ ਹੀ ਸੰਬੋਧਤ ਕੀਤਾ ਜਾਂਦਾ ਸੀ। ਉਹਨਾਂ ਨੂੰ ਕਨੇਡੀਅਨ ਕਿਸੇ ਨੇ ਵੀ ਨਹੀਂ ਆਖਿਆ ਜਾਂ ਕਬੂਲਿਆ।

ਅਗਲੇ ਪੜਾਅ ਲਈ ਪੌਵੈਲ (Powell) ਤੇ ਪੂਰਵ ਵੱਲ ਚੱਲਦੇ ਜਾਓ ਅਤੇ 245 ਪੌਵੈਲ ਤੇ ਜਾ ਰੁਕੋ।

10. 245, ਪੌਵਲ, ਮੇਨ ਤੋਂ ਅੱਗੇ

ਤੁਸੀਂ ਵੈਸਟਮਿਨਸਟਰ (Westminster) ਅਤੇ ਪੌਵੈਲ (Powell) ਦਾ ਚੌਂਕ ਲੰਘ ਕੇ ਆਏ ਹੋ। ਇਸ ਜਗਾਹ ਬਹੁਤ ਸਾਰੀਆਂ ਵਪਾਰਕ ਇਮਾਰਤਾਂ ਹੋਇਆ ਕਰਦੀਆਂ ਸਨ। ਐਲੈਗਜ਼ੈਂਡਰ (Alexander) ਅਤੇ ਕੌਰਡੋਵਾ (Cordova) ਸੜਕਾਂ ਦੇ ਨਾਲ ਘਰ ਬਣੇ ਹੋਏ ਸਨ। 1898 ਦੇ ਆਸ-ਪਾਸ ਜਪਾਨੀ ਆਵਾਸੀਆਂ ਨੇ 230 ਪੌਵਲ ਤੇ ਪਹਿਲਾ ਘਰ ਖਰੀਦਿਆ।

ਜਪਾਨੀ ਭਾਈਚਾਰੇ ਦੀ ਅਵਸਥਾ ਚੀਨੀ ਲੋਕਾਂ ਤੋਂ ਕੁਝ ਬਿਹਤਰ ਸੀ ਕਿਉਂਕਿ ਕੈਨੇਡਾ ਦੀ ਵਿਦੇਸ਼ੀ ਪੌਲਿਸੀ ਉਕਰਨ ਵਾਲਾ ਬ੍ਰਿਟੇਨ, ਜਪਾਨ ਦਾ ਰਾਜਸੀ ਹਿਮਾਇਤੀ ਸੀ। ਜਪਾਨ ਨੇ ਕੁਝ ਹੀ ਦੇਰ ਪਹਿਲਾਂ ਰੂਸ ਨੂੰ ਜੰਗ ਵਿੱਚ ਹਰਾਇਆ ਸੀ, ਇਸ ਲਈ ਉਸ ਨੂੰ ਉੱਭਰਦੀ ਹੋਈ ਸ਼ਕਤੀ ਸਮਝਿਆ ਜਾਂਦਾ ਸੀ, ਜਦੋਂ ਕਿ ਚੀਨ ਨੂੰ ਕਮਜ਼ੋਰ ਅਤੇ ਸਿਆਸਤੀ ਤੌਰ ਤੇ ਅਸਥਿਰ ਮੰਨਿਆ ਜਾਂਦਾ ਸੀ।

ਫਿਰ ਵੀ ਚੀਨੀਆਂ ਵਾਂਗ ਜਪਾਨੀ ਲੋਕਾਂ ਨੂੰ ਵੀ ਕਈ ਪੇਸ਼ੇ ਅਤੇ ਨੌਕਰੀਆਂ ਲੈਣ ਤੇ ਪੰਬੰਦੀ ਸੀ। ਉਹਨਾਂ ਨੂੰ ਸ਼ਹਿਰ ਦੇ ਕਈ ਇਲਾਕਿਆਂ ਵਿੱਚ ਵੱਸਣ ਤੋਂ ਵੀ ਰੋਕ ਸੀ। ਮੂਵੀ ਥੀਏਟਰ ਅਤੇ ਸਵਿਮਿੰਗ ਪੂਲ ਵਰਗੀਆਂ ਪਬਲਿਕ ਜਗ੍ਹਾਵਾਂ ਵਿੱਚ ਅਲਹਿਦਗੀ ਅਤੇ ਵਿਤਕਰਾ ਵੇਖਣ ਨੂੰ ਮਿਲਦਾ ਸੀ। ਕਈ ਰੈਸਟੋਰੈਂਟ ਏਸ਼ੀਅਨ, ਕਾਲ਼ੇ ਜਾਂ ਇੰਨਡਿਜਨਸ ਲੋਕਾਂ ਨੂੰ ਖਾਣਾ ਦੇਣ ਤੋਂ ਇੰਨਕਾਰ ਕਰ ਦਿੰਦੇ ਸਨ।

ਜਦੋਂ ਇੱਕ ਹਜ਼ਾਰ ਲੋਕਾਂ ਨੇ ਰਲ਼ ਕੇ ਹਮਲਾ ਕੀਤਾ ਤਾਂ ਵੈਸਟਮਿਨਸਟਰ (Westmisnter) ਅਤੇ ਪੌਵੈਲ (Powell) ਦੇ ਦੱਖਣ-ਪੂਰਵੀ ਕੋਨੇ ਵਿੱਚ ਸਥਿੱਤ ਜਪਾਨੀ ਵਪਾਰੀ ਦੀ ਇੱਕ ਕਰਿਆਨੇ ਦੀ ਦੁਕਾਨ ਪਹਿਲਾ ਸ਼ਿਕਾਰ ਬਣੀ। ਪੱਥਰ ਅਤੇ ਇੱਟਾਂ ਵੱਜਣ ਨਾਲ਼ ਸਮਾਨ ਅਤੇ ਇਮਾਰਤ ਦਾ $2400 ਦਾ ਨੁਕਸਾਨ ਹੋਇਆ।

ਜਪਾਨੀ ਕੌਨਸਲ M. Kishiro Morikawa ਨੇ Mayor Bethune ਨੂੰ ਬੇਨਤੀ ਕੀਤੀ ਕਿ ਪੁਲਿਸ ਨੂੰ ਜਪਾਨੀਆਂ ਦੀ ਰੱਖਿਆ ਕਰਨ ਦਾ ਹੁਕਮ ਦਿੱਤਾ ਜਾਵੇ। ਪਰ ਪੁਲਿਸ ਦੀ ਗਿਣਤੀ ਭੀੜ ਸਾਹਮਣੇ ਬਹੁਤ ਘੱਟ ਸੀ। ਚਾਕੂਆਂ ਅਤੇ ਬੰਦੂਕਾਂ ਨਾਲ ਸੜਕਾਂ ਤੇ ਮੁੱਠਭੇੜ ਹੋਈ। ਪੌਵੈਲ ਸਟ੍ਰੀਟ ਗਰਾਊਂਡਸ, ਜਿਸਨੂੰ ਹੁਣ Oppenheimer Park ਕਿਹਾ ਜਾਂਦਾ ਹੈ, ਤੱਕ ਪਹੁੰਚੀ ਭੀੜ ਉੱਤੇ ਇਮਾਰਤਾਂ ਦੀਆਂ ਛੱਤਾਂ ਤੋਂ ਬੱਟੇ, ਇੱਟਾਂ, ਬੋਤਲਾਂ ਅਤੇ ਲਕੜੀਆਂ ਦੇ ਟੁਕੜੇ ਸੁੱਟੇ ਗਏ।

ਫਸਾਦੀਆਂ ਨੂੰ ਇਹ ਉਮੀਦ ਨਹੀਂ ਸੀ ਕਿ ਜਪਾਨੀ ਇਸ ਤਰ੍ਹਾਂ ਮੁਕ਼ਾਬਲੇ ਦਾ ਜਵਾਬ ਦੇਣਗੇ। ਕਈ ਜਾਨਾਂ ਦੰਗੇ ਦਾ ਸ਼ਿਕਾਰ ਬਣੀਆਂ। ਆਪਸ ਵਿੱਚ ਹੋਈਆਂ ਕਈ ਮੁੱਠਭੇੜਾਂ ਤੋਂ ਬਾਦ ਹਮਲਾਵਰ ਖਿੰਡਣ ਲੱਗੇ।

ਅਗਲੇ ਪੜਾਅ ਲਈ ਪੌਵੈਲ ਤੇ ਚੱਲਦੇ ਜਾਓ, ਦੱਖਣ ਦਿਸ਼ਾ ਵੱਲ ਲੰਘ ਕੇ 374 ਪੌਵੈਲ ਤੇ ਰੁਕੋ।

11. 374 ਪੌਵੈਲ ਸਟ੍ਰੀਟ

ਇਸ ਬਲੌਕ ਦੇ ਪੂਰਬੀ ਕੋਨੇ ਤੇ Tamura Building ਹੈ, ਜਿਸਨੂੰ ਕਿ 1912 ਵਿੱਚ Shinkichi Tamura ਨੇ ਬਣਾਇਆ ਸੀ। ਤਮੂਰਾ 1884 ਵਿੱਚ ਵੈਨਕੂਵਰ ਆਇਆ ਸੀ ਅਤੇ ਉਸਨੇ Tamura Trading Company ਦੀ ਸਥਾਪਨਾ ਕੀਤੀ। ਇਹ ਕੰਪਨੀ ਜਪਾਨ ਨੂੰ ਲੱਕੜ ਅਤੇ ਕਣਕ ਐਕਸਪੋਰਟ ਕਰਦੀ ਸੀ। ਤਮੂਰਾ ਨੇ 1907 ਵਿੱਚ Japan Canada Trust Savings Company ਵੀ ਖੋਲੀ। ਉਹ ਜਪਾਨ ਲਈ ਕੈਨੇਡਾ ਦਾ ਪਹਿਲਾ ਟ੍ਰੇਡ ਕਮਿਸ਼ਨਰ ਬਣਿਆ।

ਤਮੂਰਾ ਬਿਲਡਿੰਗ ਨੂੰ ਨਿਊ ਵਰਲਡ ਹੋਟਲ ਵੀ ਕਿਹਾ ਜਾਂਦਾ ਸੀ, ਇਹ ਇਸ ਇਲਾਕੇ ਦੀ ਸਭ ਤੋਂ ਵੱਢੀ ਰਿਹਾਇਸ਼ੀ ਇਮਾਰਤ ਸੀ। ਇਹ ਇਮਾਰਤ ਬਾਦ ਵਿੱਚ ਤਾਕਾਹਾਸ਼ੀ (Takahashi) ਪਰਿਵਾਰ, ਅਤੇ ਫਿਰ ਸਾਸਾਕੀ ਪਰਿਵਾਰ (Sasakis) ਦੀ ਮਲਕੀਅਤ ਹੇਠ ਰਹੀ। ਸਾਸਾਕੀਜ਼ ਉਸ ਸਮੇਂ ਦੇ ਸਭ ਤੋਂ ਵੱਡੇ 318 ਪੌਵੈਲ Matsuno- Yu ਤੇ ਸਥਿਤ Bathhouse ਦੇ ਮਾਲਕ ਸਨ । ਉਹ 214 ਪੌਵੈਲ ਤੇ ਸਥਿਤ Fuji Chop Suey House ਵਿੱਚ ਵੀ ਹਿੱਸੇਦਾਰ ਸਨ। ਇੱਥੇ ਚੀਨੀ ਢੰਗ ਨਾਲ ਬਣਾਇਆ ਜਪਾਨੀ ਖਾਣਾ ਮਿਲਦਾ ਸੀ। ਇਸ ਰੈਸਟੋਰੈਂਟ ਵਿੱਚ ਜਪਾਨੀ ਕਨੇਡੀਅਨ ਪਰਿਵਾਰਾਂ ਨੂੰ ਖਾਣਾ ਖਿਲਾਣਾ ਵਰਜਿਤ ਨਹੀਂ ਸੀ। ਬਾਕੀ ਸਾਰੇ ਰੈਸਟੋਰੈਂਟਾਂ ਵਿੱਚ ਕੇਵਲ ਆਦਮੀਆਂ ਨੂੰ ਖਾਣਾ ਪਰੋਸਿਆ ਜਾਂਦਾ ਸੀ। ਉੱਪਰ ਵਾਲੀ ਮੰਜ਼ਿਲ ਵਿਆਹਾਂ ਲਈ ਕਰਾਏ ਤੇ ਦਿੱਤੀ ਜਾਂਦੀ ਸੀ। ਦੁੱਖ ਦੀ ਗੱਲ ਹੈ ਕਿ 1942 ਵਿੱਚ ਇਸੇ ਹਾਲ ਵਿੱਚ ਫੈਡਰਲ ਸਰਕਾਰ ਨੇ ਜਪਾਨੀ ਭਾਈਚਾਰੇ ਦੇ ਲੋਕਾਂ ਦੀ ਜਾਇਦਾਦ ਖੋਹ ਕੇ, ਉਹਨਾਂ ਨੂੰ ਉੱਥੋਂ ਉਜਾੜ ਕੇ ਨਜ਼ਰਬੰਦ ਕਰਨ ਦੀ ਯੋਜਨਾ ਬਣਾਈ।

ਦਸੰਬਰ 1941 ਵਿੱਚ ਜਪਾਨੀ ਇਮਪੀਰੀਅਲ ਨੇਵੀ ਨੇ Pearl Harbour ਉੱਤੇ ਹਮਲਾ ਕਰ ਦਿੱਤਾ। ਕੈਨੇਡਾ ਦੀ ਸਰਕਾਰ ਨੇ War Measures Act ਲਾਗੂ ਕਰ ਦਿੱਤਾ। ਤਕਰੀਬਨ 22,000 ਜਪਾਨੀ ਕਨੇਡੀਅਨ ਲੋਕਾਂ ਨੂੰ ਦੁਸ਼ਮਣ ਵਿਦੇਸ਼ੀ ਕਹਿ ਕੇ ਉਹਨਾਂ ਨੂੰ ਉਹਨਾਂ ਦੇ ਘਰਾਂ ਵਿੱਚੋਂ ਉਖਾੜ ਦਿੱਤਾ ਗਿਆ। ਉਹਨਾਂ ਨੂੰ ਮਜ਼ਦੂਰੀ ਲਈ ਬੀ.ਸੀ. ਦੇ ਦੂਰ-ਦਰਾਜ ਪੈਂਦੇ ਹਿੱਸਿਆਂ ਵਿੱਚ, Aberta, Manitoba ਅਤੇ Ontario ਵਿੱਖੇ Internment Camps ਵਿੱਚ ਭੇਜ ਕੇ ਨਜ਼ਰਬੰਦ ਕਰ ਦਿੱਤਾ ਗਿਆ। ਉਹਨਾਂ ਦੀ ਸਾਰੀ ਨਿੱਜੀ ਸੰਪਤੀ- ਘਰ, ਵਪਾਰ, ਕਿਸ਼ਤੀਆਂ, ਖੇਤ ਆਦਿ ਜ਼ਬਤ ਕਰਕੇ ਵੇਚ ਦਿੱਤੇ ਗਏ ਅਤੇ ਨਜ਼ਰਬੰਦੀ ਹੇਠ ਰੱਖਣ ਦੇ ਖਰਚੇ ਦੇ ਖਾਤੇ ਹੇਠ ਪਾ ਦਿੱਤੇ ਗਏ। ਜਪਾਨੀ ਨਾਗਰਿਕਾਂ ਨੂੰ ਚਾਰ ਸਾਲ ਬਾਦ, 1949 ਵਿੱਚ ਵਾਪਸ ਮੁੜਨ ਦੀ ਇਜਾਜ਼ਤ ਦਿੱਤੀ ਗਈ, ਪਰ ਉਦੋਂ ਤੱਕ ਸਰਕਾਰ ਇਹਨਾਂ ਵਿੱਚੋਂ ਕਈਆ ਨੂੰ Rockies ਪਹਾੜਾਂ ਦੇ ਪੂਰਬੀ ਪਾਸੇ ਵੱਸ ਜਾਣ ਤੇ ਮਜਬੂਰ ਕਰ ਚੁੱਕੀ ਸੀ।

ਚਾਰ ਦਹਾਕਿਆਂ ਬਾਦ 1988 ਵਿੱਚ ਆਖਰ ਕੈਨੇਡਾ ਸਰਕਾਰ ਨੇ ਇਸ ਵਤੀਰੇ ਲਈ ਮਾਫ਼ੀ ਮੰਗੀ ਅਤੇ ਹਰਜਾਨਾ ਵੀ ਦਿੱਤਾ।

ਜਪਾਨੀ ਭਾਈਚਾਰੇ ਦੇ ਵੱਸਦੇ-ਵਸਾਉਂਦੇ ਨਿਹੋਂਨ-ਮਾਚੀ (Nihonmachi) ਮੁਹੱਲੇ ਦੇ ਉੱਜੜਣ ਨਾਲ ਉਹ ਜਗਾਹ ਸੁੰਨ ਜਿਹੀ ਪੈ ਗਈ। ਪੌਵੈਲ ਸਟ੍ਰੀਟ ਨੂੰ ਇੰਡਸਟਰੀਅਲ ਏਰੀਆ ਬਣਾ ਦਿੱਤਾ ਗਿਆ ਤਾਂ ਜੋ ਘਰ ਅਤੇ ਵਪਾਰ ਇਸ ਜਗਾਹ ਨਾ ਵੱਸ ਸਕਣ। ਇਸ ਕਾਰਨ ਇਮਾਰਤਾਂ ਖਾਲੀ ਰਹਿਣ ਲੱਗੀਆਂ, ਅਤੇ ਉਸ ਇਲਾਕੇ ਵਿੱਚ ਅੱਜ ਤੱਕ ਸਮਾਜਕ ਅਤੇ ਆਰਥਕ ਅਸਮਾਨਤਾ ਵੇਖਣ ਨੂੰ ਮਿਲਦੀ ਹੈ।

ਅਗਲੇ ਪੜਾਅ ਲਈ ਪੌਵੈਲ ਤੇ ਪੂਰਵ ਦਿਸ਼ਾ ਵੱਲ ਡਨਲਵੀ (Dunlevy) ਤੱਕ ਜਾਓ, ਫਿਰ ਖੱਬੇ ਮੁੜ ਕੇ ਐਲੈਗਜ਼ੈਂਡਰ ਤੱਕ ਇੱਕ ਬਲੌਕ ਜਾਓ। ਫਿਰ ਸੱਜੇ ਮੁੜੋ ਅਤੇ ਬਲੌਕ ਦੇ ਅੱਧ ਵਿਚਕਾਰ ਦੱਖਣ ਵਾਲੇ ਪਾਸੇ ਰੁਕ ਜਾਓ।

12. 400 ਬਲੌਕ ਐਲੈਗਜੈਂਡਰ ਸਟ੍ਰੀਟ (Alexander Street)/ ਜਪਾਨੀ ਭਾਸ਼ਾ ਸਕੂਲ (Japanese Language School)

ਤੁਸੀਂ ਐਲੈਗਜ਼ੈਂਡਰ ਸਟ੍ਰੀਟ ਉੱਤੇ ਖੜ੍ਹੇ ਹੋ। ਪਹਿਲੇ ਸਮੇਂ ਵਿੱਚ ਵੈਨਕੂਵਰ ਵਿਖੇ ਲੱਕੜ ਦੀ ਭਰਮਾਰ ਹੋਣ ਕਾਰਨ, ਇਸ ਰਾਹ ਦੀ ਫਰਸ਼ਬੰਦੀ ਵੀ ਲੱਕੜ ਨਾਲ ਹੀ ਕੀਤੀ ਗਈ ਸੀ। ਇਸ ਦਾ ਨਾਂ ਹੇਸਟਿੰਗਜ਼ ਸੌ-ਮਿਲ (Hastings Sawmill) ਦੇ ਮੈਨੇਜਰ ਰਿਚਰਡ ਐਲੈਗਜ਼ੈਂਡਰ (Richard Alexander) ਦੇ ਨਾਂ ਤੇ ਰੱਖਿਆ ਗਿਆ ਸੀ। ਐਲੈਗਜ਼ੈਂਡਰ ਹੀ ਉਹ ਵਿਅਕਤੀ ਸੀ ਜਿਸ ਨੇ ਚੀਨੀ, ਜਪਾਨੀ ਅਤੇ ਇਨਡਿਜਨਸ ਕਾਮਿਆਂ ਨੂੰ ਵੈਨਕੂਵਰ ਦੀਆਂ ਪਹਿਲੀਆਂ ਚੋਣਾਂ ਦੌਰਾਨ ਆਪਣੇ ਹੱਕ ਵਿੱਚ ਵੋਟ ਪਾਉਣ ਲਈ ਲਿਆਉਣ ਦੀ ਅਸਫਲ ਕੋਸ਼ਿਸ਼ ਕੀਤੀ ਸੀ। ਸੌ ਤੋਂ ਵੀ ਵੱਧ ਸਾਲ ਪੁਰਾਣੇ ਲੱਕੜ ਦੇ ਕੁਝ ਬਲੌਕ ਹੁਣ ਵੀ ਇਸ ਸੜਕ ਤੇ ਪਾਏ ਜਾਂਦੇ ਹਨ- ਉਹਨਾਂ ਨੂੰ ਬਚਾ ਕੇ ਰੱਖਣ ਲਈ ਕ੍ਰੀਓਸੇਟ (Creosate) ਦਾ ਇਸਤੇਮਾਲ ਕੀਤਾ ਗਿਆ ਸੀ। 1890 ਵਿੱਚ ਵੈਨਕੂਵਰ ਦੇ ਇੰਜੀਨੀਅਰ ਨੇ ਫਰਸ਼ਬੰਦੀ ਦਾ ਟੈਨਡਰ ਕੱਢਣ ਲੱਗਿਆਂ ਇਹ ਸ਼ਰਤ ਰੱਖੀ ਸੀ ਕਿ ਇਸ ਕੰਮ ਵਿੱਚ ਕਿਸੇ ਵੀ ਚੀਨੀ ਕਾਮੇ ਦਾ ਯੋਗਦਾਨ ਨਹੀਂ ਹੋਣਾ ਚਾਹੀਦਾ।

ਇਹ ਇਲਾਕਾ ਕਿਸੇ ਸਮੇਂ ਕੁਮ ਕੁਮਾਲੇ (Kum Kumalay) ਇਨਡਿਜਨਸ ਲੋਕਾਂ ਦਾ ਮੌਸਮੀ ਡੇਰਾ ਹੋਇਆ ਕਰਦਾ ਸੀ। ਇਸ ਲਫਜ਼ ਦਾ ਮਤਲਬ ਹੈ ਵੱਡੇ ਪੱਤੇ ਵਾਲੇ ਮੇਪਲ ਦਾ ਦਰਖਤ। 1867 ਵਿੱਚ ਉਸ ਜਗਾਹ Captain Edward Stamp ਨੇ Stamps Mill ਨਾਂ ਦੀ ਲੱਕੜ ਮਿੱਲ ਲਾ ਲਈ। ਬਾਦ ਵਿੱਚ ਇਸ ਮਿੱਲ ਦਾ ਨਾਂ ਬਦਲ ਕੇ ਹੇਸਟਿੰਗਜ਼ ਮਿਲ (Hastings Mill) ਰੱਖ ਦਿੱਤਾ ਗਿਆ।

ਘਾਟ ਤੇ ਲੱਕੜ ਢੋਣ ਦਾ ਕੰਮ ਕਰਨ ਵਾਲੇ ਕਾਮੇ ਜ਼ਿਆਦਾਤਰ ਨੇਟਿਵ ਹੁੰਦੇ ਸਨ। William Nahanee, ਜੋ ਕਿ ਹਵਾਈ ਤੋਂ ਆਏ Hudson Bay Kanakas ਦਾ ਬੇਟਾ ਸੀ, ਬਾਕੀ ਕਾਮਿਆਂ ਸਮੇਤ Stanley Park ਵਿੱਚ ਰਹਿੰਦਾ ਸੀ। ਕਾਮੇ ਆਪਸ ਵਿੱਚ ਚਿਨੂਕ ਭਾਸ਼ਾ ਵਰਤਦੇ ਸਨ ਤਾਂ ਕਿ ਬਿਨਾਂ ਕਿਸੇ ਡਰ ਤੋਂ ਖੁੱਲ ਕੇ ਗੱਲ ਬਾਤ ਹੋ ਸਕੇ। ਸੜਕ ਦੇ ਪਾਰ 439 ਐਲੈਗਜ਼ੈਂਡਰ ਤੇ Nippon Kokumin Gakko ਨਾਂ ਦਾ ਜਪਾਨੀ ਭਾਸ਼ਾ ਸਕੂਲ ਹੋਇਆ ਕਰਦਾ ਸੀ। ਸੋਮਵਾਰ ਸਵੇਰੇ ਫਸਾਦੀਆਂ ਨੇ ਇਸ ਸਕੂਲ ਨੂੰ ਅੱਗ ਲਗਾਉਣ ਦੀ ਅਸਫਲ ਕੋਸ਼ਿਸ਼ ਕੀਤੀ। ਵੈਨਕੂਵਰ ਵਿੱਚ 1907 ਵਿੱਚ ਏਸ਼ੀਅਨ ਲੋਕਾਂ ਖਿਲਾਫ਼ ਹੋਏ ਦੰਗਿਆਂ ਦਾ ਇਹ ਆਖਰੀ ਹਮਲਾ ਸੀ।

ਕੁਝ ਦੇਰ ਪਹਿਲਾਂ ਹੀ ਜਨਵਰੀ 12, 1906 ਨੂੰ ਲੱਕੜ ਨਾਲ ਬਣੀ ਇਸ ਇਮਾਰਤ ਵਿੱਚ ਸਕੂਲ ਦਾ ਉਦਘਾਟਨ ਕੀਤਾ ਗਿਆ ਸੀ। ਇਸ ਸਕੂਲ ਵਿੱਚ ਜਪਾਨੀ ਪਾਠਕ੍ਰਮ ਅਨੁਸਾਰ ਪੜ੍ਹਾਈ ਕਰਵਾਈ ਜਾਂਦੀ ਸੀ। 1919 ਵਿੱਚ ਬਾਕੀ ਵਿਸ਼ੇ ਛੱਡ ਕੇ ਅੰਗ੍ਰੇਜ਼ੀ ਅਤੇ ਜਪਾਨੀ ਭਾਸ਼ਾ ਤੇ ਜ਼ੋਰ ਦੇਣਾ ਸ਼ੁਰੂ ਕਰ ਦਿੱਤਾ ਗਿਆ। 1928 ਵਿੱਚ ਪੁਰਾਣੀ ਇਮਾਰਤ ਦੀ ਜਗਾਹ 475 ਐਲੈਗਜ਼ੈਂਡਰ ਦੇ ਸਾਹਮਣੇ ਸੱਜੇ ਪਾਸੇ ਦਿਖਾਈ ਦਿੰਦੀ ਨਵੀਂ ਇਮਾਰਤ ਬਣਾ ਦਿੱਤੀ ਗਈ।

1942 ਵਿੱਚ ਜਦੋਂ ਜਪਾਨੀ ਕਨੇਡੀਅਨ ਲੋਕਾਂ ਨੂੰ ਨਜ਼ਰਬੰਦ ਕੀਤਾ ਗਿਆ ਤਾਂ ਸਕੂਲ ਵੀ ਜ਼ਬਰਦਸਤੀ ਬੰਦ ਕਰ ਦਿੱਤਾ ਗਿਆ। 1947 ਤੱਕ ਸਕੂਲ ਦੀ ਇਮਾਰਤ Canadian Armed Force ਕੋਲ ਰਹੀ। ਉਸ ਤੋਂ ਬਾਦ ਇਮਾਰਤ Army and Navy Department Store ਨੂੰ ਕਰਾਏ ਤੇ ਦੇ ਦਿੱਤੀ ਗਈ। ਕੁਝ ਸਮੇਂ ਲਈ ਸਕੂਲ Vancouver Buddhist Church ਵਿੱਚ ਚਲਾਇਆ ਗਿਆ। 1952 ਵਿੱਚ ਸਕੂਲ ਦੁਬਾਰਾ ਖੋਲ੍ਹਿਆ ਗਿਆ। ਇਸ ਇਮਾਰਤ ਨੂੰ ਹੁਣ Heritage Building ਦਾ ਦਰਜਾ ਦੇ ਦਿੱਤਾ ਗਿਆ ਹੈ, ਅਤੇ ਇਹ ਵੈਨਕੂਵਰ ਦੇ ਜਪਾਨੀ-ਕਨੇਡੀਅਨ ਭਾਈਚਾਰੇ ਦਾ ਇੱਕ ਪ੍ਰਮੁੱਖ ਹਿੱਸਾ ਬਣ ਚੁੱਕੀ ਹੈ।

ਅਗਲੇ ਪੜਾਅ ਲਈ ਐਲੈਗਜ਼ੈਂਡਰ (Alexander) ਤੇ ਜੈਕਸਨ (Jackson) ਤੱਕ ਪੂਰਵ ਦਿਸ਼ਾ ਵਿੱਚ ਚੱਲਦੇ ਰਹੋ। ਫਿਰ ਸੱਜੇ ਮੁੜ ਕੇ ਇੱਕ ਬਲੌਕ ਪੌਵੈਲ ਤੱਕ ਜਾਓ। ਪੌਵੈਲ ਪਾਰ ਕਰ ਕੇ ਸੱਜੇ ਮੁੜੋ ਅਤੇ ਪੱਛਮੀ ਪਾਸੇ ਬਲੌਕ ਦੇ ਵਿਚਕਾਰਲੇ ਹਿੱਸੇ ਵਿੱਚ ਜਾ ਰੁਕੋ।

13. ਓਪਨਹਾਈਮਰ ਪਾਰਕ (Oppenheimer Park), ਪੌਵਲ ਸਟ੍ਰੀਟ ਗਰਾਊਂਡਜ਼

ਦੱਖਣ ਦਿਸ਼ਾ ਵਿੱਚ ਓਪਨਹਾਈਮਰ ਪਾਰਕ ਹੈ। ਇਹ 1898 ਵਿੱਚ ਪੌਵਲ ਸਟ੍ਰੀਟ ਗਰਾਊਂਡਜ਼, ਜਾਂ ਜਪਾਨੀ ਭਾਸ਼ਾ ਵਿੱਚ "Paueru Groundo" ਦੇ ਨਾਂ ਨਾਲ ਖੋਲਿਆ ਗਿਆ ਸੀ। ਇੱਥੇ ਇਸ ਇਲਾਕੇ ਦੀ ਮਸ਼ਹੂਰ Asahi Baseball Team ਖੇਡਿਆ ਕਰਦੀ ਸੀ। ਕੁਝ ਇਨਡਿਜਨਸ ਲੋਕ, ਜੋ ਕਿ 1887 ਵਿੱਚ ਸਟੈਨਲੀ ਪਾਰਕ ਦੀ ਸਥਾਪਨਾ ਹੋਣ ਕਾਰਨ ਆਪਣਾ ਵਸੇਂਵਾ ਗੁਆ ਬੈਠੇ ਸਨ, ਫਿਰ ਓਪਨਿਹਿਅਰ ਪਾਰਕ ਵਿੱਚ ਆ ਵੱਸੇ।

1936 ਵਿੱਚ ਪੌਵੈਲ ਸਟ੍ਰੀਟ ਗਰਾਊਂਡਸ ਨੂੰ ਸਾਰੇ ਸ਼ਹਿਰ ਦੇ ਇਕੱਠਾਂ ਅਤੇ ਮੁਜ਼ਾਹਰਿਆਂ ਲਈ ਨਿਯੁਕਤ ਕਰ ਦਿੱਤਾ ਗਿਆ। ਇਸ ਜਹਾਗ ਕਈ ਸਾਲ ਬੇਰੁਜ਼ਗਾਰੀ, ਗਰੀਬੀ ਅਤੇ ਨਸਲਵਾਦ ਦੇ ਖਿਲਾਫ਼ ਅਵਾਜ਼ ਉਠਾਉਣ ਲਈ ਭਾਰੀ ਗਿਣਤੀ ਵਿੱਚ ਲੋਕ ਇਕੱਤਰ ਹੁੰਦੇ ਰਹੇ। ਗ੍ਰੇਟ ਡਿਪ੍ਰੈਸ਼ਨ (Great Depression) ਦੌਰਾਨ ਪਾਰਕ ਦੇ ਆਸ-ਪਾਸ ਤਕਰੀਬਨ 1000 ਬੇਘਰ ਲੋਕ ਡੇਰਾ ਲਾ ਕੇ ਰਹਿੰਦੇ ਸਨ- ਘਰਾਂ ਦੀ ਘਾਟ ਦਾ ਇਹ ਸੰਕਟ ਵੈਨਕੂਵਰ ਵਿੱਚ ਅੱਜ ਵੀ ਵੇਖਣ ਨੂੰ ਮਿਲਦਾ ਹੈ।

ਨੌ ਸਤੰਬਰ, ਸੋਮਵਾਰ ਸਵੇਰ ਤੱਕ ਦੰਗੇ ਖਤਮ ਹੋ ਚੁੱਕੇ ਸਨ, ਸ਼ਾਇਦ ਭਾਰੇ ਮੀਂਹ ਦਾ ਵੀ ਇਸ ਵਿੱਚ ਯੋਗਦਾਨ ਸੀ। Chinese Benevolent Association ਨੇ ਹੋਰ ਸੰਸਥਾਵਾਂ ਨਾਲ ਰਲ ਕੇ ਸ਼ਹਿਰ ਵਿੱਚ ਬੁੱਧਵਾਰ ਸਵੇਰ ਤੱਕ ਬੰਦ ਲਾ ਦਿੱਤਾ। ਲੱਕੜ ਦੀਆਂ ਮਿੱਲਾਂ ਸਮੇਤ ਇੱਕ-ਤਿਹਾਈ ਰੈਸਟੋਰੈਂਟ ਬੰਦ ਰਹੇ। ਜਪਾਨੀ ਲੋਕ ਸੋਮਵਾਰ ਨੂੰ ਕੰਮ ਤੇ ਵਾਪਸ ਚਲੇ ਗਏ ਪਰ ਦੋਪਹਿਰ ਦੇ ਸਮੇਂ ਉਹ ਪੌਵੈਲ ਸਟ੍ਰੀਟ ਗਰਾਊਂਡਜ਼ ਵਿਖੇ ਇੱਕ ਸਭਾ ਵਿੱਚ ਇਕੱਤਰ ਹੋ ਗਏ। ਸਭਾ ਵੈਨਕੂਵਰ ਤੋਂ ਮੁਆਵਜ਼ਾ ਮੰਗਣ ਦੀ ਯੋਜਨਾ ਬਾਰੇ ਗੱਲ-ਬਾਤ ਕਰਨ ਲਈ ਬੁਲਾਈ ਗਈ ਸੀ। ਮੇਅਰ ਬੈਥੂਨ ਸਭਾ ਨੂੰ ਸੰਬੋਧਤ ਕਰਕੇ ਤਸੱਲੀ ਦੇਣ ਪਹੁੰਚੇ ਜਦ ਕਿ ਉਹ ਆਪ Asiatic Exclusion League ਦੇ ਮੋਢੀਆਂ ਵਿੱਚੋਂ ਸਨ।

ਜਪਾਨੀ ਅਤੇ ਚੀਨੀ ਭਾਈਚਾਰੇ ਨੇ ਸਰਕਾਰ ਨੂੰ ਦੰਗਿਆਂ ਦੌਰਾਨ ਹੋਏ ਨੁਕਸਾਨ ਲਈ ਮੁਆਵਜ਼ਾ ਦੇਣ ਦੀ ਬੇਨਤੀ ਕੀਤੀ। ਚਾਈਨਾ ਟਾਊਨ ਵਿੱਚ ਵਪਾਰ ਤਕਰੀਬਨ ਛੇ ਦਿਨ ਬੰਦ ਰਿਹਾ ਸੀ। ਚਾਈਨੀਜ਼ ਬਨੈਵਲੈਨਟ ਅਸੋਸੀਏਸ਼ਨ ਨੇ ਪ੍ਰਸਤਾਵ ਰੱਖਿਆ-

> "ਜੇ ਤੁਸੀਂ ਕੰਮ ਤੇ ਵਾਪਸ ਜਾਓ, ਪਰ ਤੁਹਾਡੇ ਮਾਲਕ ਤੁਹਾਨੂੰ ਵਾਪਸ ਕੰਮ ਤੇ ਨਾ ਰੱਖਣ ਅਤੇ ਤੁਹਾਡੀ ਜਗਾਹ ਕਿਸੇ ਹੋਰ ਨੂੰ ਕੰਮ ਤੇ ਰੱਖ ਲੈਣ, ਤਾਂ ਤੁਸੀਂ ਸਾਡੇ ਕੋਲ ਆਓ, ਅਸੀਂ ਤੁਹਾਡੇ ਪੱਖੋਂ ਗੱਲ-ਬਾਤ ਕਰਕੇ ਸਮੱਸਿਆ ਨਿਪਟਾਵਾਂਗੇ।"

ਉਹਨਾਂ ਇਹ ਵੀ ਆਖਿਆ- "ਜੇ ਕਿਸੇ ਚੀਨੀ ਨਾਗਰਿਕ ਨਾਲ ਮਾਰ-ਕੁਟ ਹੋਈ ਹੈ, ਉਹ ਵੀ ਚਾਈਨੀਜ਼ ਬਨੈਵਲੈਨਟ ਅਸੋਸੀਏਸ਼ਨ ਨਾਲ ਸੰਪਰਕ ਕਰਨ, ਅਸੀਂ ਤੁਹਾਡੇ ਪੱਖੋਂ ਮਾਮਲਾ ਨਜਿੱਠਾਂਗੇ।"

Ottawa ਨੇ Federal Labour Deputy Minister, Willian Lyon Mac Kenzie King ਨੂੰ Royal Commission Inquiry ਕਰਨ ਲਈ ਭੇਜਿਆ। ਜਪਾਨ ਨੇ ਇੰਗਲੈਂਡ ਉੱਤੇ ਦਬਾਅ ਪਾਇਆ ਤਾਂ ਜਲਦ ਹੀ ਨਿਹੋਨ-ਮਾਚੀ (Nihonmachi) ਲਈ $9000 ਮੁਆਵਜ਼ੇ ਦਾ ਐਲਾਨ ਕਰ ਦਿੱਤਾ ਗਿਆ। ਚੀਨੀ ਲੋਕਾਂ ਨੂੰ ਮੁਆਵਜ਼ਾ ਮਿਲਣ ਵਿੱਚ ਜ਼ਿਆਦਾ ਦੇਰ ਲੱਗੀ, ਪਰ ਕੁੱਲ $27,000 ਰਾਸ਼ੀ ਦਿੱਤੀ ਗਈ।

Mac Kenzie King ਦੀ ਪੜਤਾਲ ਤੋਂ ਪਤਾ ਲੱਗਾ ਕਿ ਮੁਆਵਜ਼ੇ ਦੀਆਂ ਕਈ ਮੰਗਾਂ ਚੀਨੀ ਅਫੀਮ ਦੇ ਵਪਾਰੀਆਂ ਤੋਂ ਆਈਆਂ ਸਨ। ਇਸ ਉਪਰੰਤ ਕੈਨੇਡਾ ਵਿੱਚ ਨਸ਼ਿਆਂ ਖਿਲਾਫ਼ ਪਹਿਲਾ ਕਨੂੰਨ ਬਣਾਇਆ ਗਿਆ।

1909 ਵਿੱਚ Harvard University ਨੇ Mac Kenzie King ਨੂੰ ਉਹਨਾਂ ਦੁਆਰਾ ਲਿਖੇ ਦਸਤਾਵੇਜ਼ ‘Oriental Immigration to Canada’ ਲਈ PhD ਦੀ ਡਿਗਰੀ ਪਰਦਾਨ ਕੀਤੀ। ਇਸ ਦਸਤਾਵੇਜ਼ ਵਿੱਚ Mac Kenzie King ਨੇ ਏਸ਼ੀਅਨ ਲੋਕਾਂ ਦੇ ਆਵਾਸ ਦੇ ਖਿਲਾਫ਼ ਦਲੀਲ ਦਿੱਤੀ ਸੀ।

ਦਸਤਾਵੇਜ਼ ਮੁਤਾਬਕ-

> “ਇਹ ਸੁਭਾਵਕ ਹੈ ਕਿ ਕੈਨੇਡਾ ਪੂਰਬ-ਵਾਸੀਆਂ ਦੇ ਆਵਾਸ ਨੂੰ ਸੀਮਤ ਕਰਨ ਦੀ ਕੋਸ਼ਿਸ਼ ਕਰੇ। ਕੈਨੇਡਾ ਗੋਰਿਆਂ ਦਾ ਦੇਸ਼ ਹੀ ਰਹਿਣਾ ਚਾਹੀਦਾ ਹੈ - ਇਹ ਨਾ ਕੇਵਲ ਆਰਥਕ ਅਤੇ ਸਮਾਜਕ ਕਾਰਨਾਂ ਕਰਕੇ ਜ਼ਰੂਰੀ ਹੈ, ਪਰ ਰਾਜਨੀਤਕ ਅਤੇ ਰਾਜਸੀ ਆਧਾਰ ਤੇ ਵੀ ਅਵੱਸ਼ਕ ਹੈ। ”

ਦੂਸਰੇ ਮਹਾਂ ਯੁੱਧ ਦੌਰਾਨ ਜਦੋਂ ਮੈਕ ਕੈਨਜ਼ੀ ਕਿੰਗ ਪ੍ਰਧਾਨ ਮੰਤਰੀ ਬਣੇ ਤਾਂ ਉਹਨਾਂ ਨੇ ਹੀ ਜਪਾਨੀ ਕਨੇਡੀਅਨ ਨਾਗਰਿਕਾਂ ਨੂੰ ਨਜ਼ਰਬੰਦ ਕਰਨ ਦਾ ਆਦੇਸ਼ ਦਿੱਤਾ ਸੀ।

1907 ਦੇ ਦੰਗਿਆਂ ਤੋਂ ਜਲਦ ਬਾਦ ਜਪਾਨ ਅਤੇ ਕੈਨੇਡਾ ਨੇ ਸਮਝੌਤਾ ਕੀਤਾ ਕਿ ਜਪਾਨ ਤੋਂ ਆਉਣ ਵਾਲੇ ਆਵਾਸੀਆਂ ਦੀ ਗਿਣਤੀ ਘਟਾ ਕੇ 400 ਸਲਾਨਾ ਕਰ ਦਿੱਤੀ ਜਾਏ। 1928 ਵਿੱਚ ਇਹ ਅੰਕੜਾ ਹੋਰ ਘਟਾ ਕੇ 150 ਕਰ ਦਿੱਤਾ ਗਿਆ।

1908 ਵਿੱਚ ਕੈਨੇਡਾ ਵਿੱਚ ਪ੍ਰਵੇਸ਼ ਕਰਨ ਵਾਲ਼ੇ ਦੱਖਣ-ਏਸ਼ੀਆਈ ਲੋਕਾਂ ਨੂੰ ਰੋਕਣ ਖਾਤਰ ਇੱਕ ਨਵਾਂ ਕਨੂੰਨ ਬਣਾਇਆ ਗਿਆ। ਇਹ ਕਾਨੂੰਨ ਸੀ Continuous Journey Regulation। 1914 ਵਿੱਚ ਭਾਰਤ ਤੋਂ ਕਾਮਾਗਾਟਾ ਮਾਰੂ ਜਹਾਜ਼ ਤੇ ਚੱਲੇ ਯਾਤਰੀ Yokohama ਰੁਕਦੇ ਹੋਏ Vancouver ਪਹੁੰਚੇ ਤਾਂ ਇਹ ਕਾਨੂੰਨ ਉਹਨਾਂ ਵਿਰੁੱਧ ਵਰਤਿਆ ਗਿਆ।

Chinese Head tax $500 ਹੀ ਰਿਹਾ। ਪਰ 1923 ਵਿੱਚ Chinese Exclusion Act ਲਾਗੂ ਕਰ ਦਿੱਤਾ ਗਿਆ। ਇਹ ਕਾਨੂੰਨ 1947 ਵਿੱਚ ਆਖਰ ਉਦੋਂ ਖੰਡਤ ਕੀਤਾ ਗਿਆ ਜਦੋਂ ਕੈਨੇਡਾ ਨੇ ਦੂਸਰੇ ਮਹਾਂ ਯੁੱਧ ਤੋਂ ਬਾਦ United Nations Charter of Human Rights ਤੇ ਹਸਤਾਖਰ ਕੀਤੇ।

ਵੈਨਕੂਵਰ, ਬ੍ਰਿਟਿਸ਼ ਕੋਲੰਬੀਆ ਅਤੇ ਕੈਨੇਡਾ ਵਿੱਚ ਹੋਰ ਥਾਂਵਾਂ ਤੇ ਕਾਨੂੰਨ ਦੀ ਨਿਗਰਾਨੀ ਹੇਠ ਹੋਏ ਭੇਦ-ਭਾਵ ਦੇ ਲੰਬੇ ਇਤਹਾਸ ਦੇ ਚਿੰਨ੍ਹ ਅੱਜ ਵੀ ਦਿਖਾਈ ਦਿੰਦੇ ਹਨ। 1907 ਵਿੱਚ ਏਸ਼ੀਅਨ ਆਵਾਸੀਆਂ ਵਿਰੁੱਧ ਹੋਏ ਦੰਗਿਆਂ ਦੇ ਜ਼ਖਮਾਂ ਦੇ ਨਿਸ਼ਾਨ ਹੁਣ ਵੀ ਇਮਾਰਤਾਂ ਤੇ ਮੌਜੂਦ ਹਨ।